A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar

urban Real Estate Services Ltd.
Manjit Jaswal ASSOCIATE
Residential & Commercial, Commissioner for Oaths
403.861.2253
Email : manjitaswal@yahoo.co
Webside : www.manjitjaswal.net
126, 1935 32nd Ave NE Calgary, AB. T2E 7C8
Your House Sold in 90 Days Guarnteed or, We will Buy it
*Conditions Apply

Vol: 8 No: 182 Website : www.punjabiakhbaar.ca Email: editor@punjabiakhbaar.ca Friday, 15 October 2021

## ਕੈਲਗਰੀ ਵਿੱਚ ਐਡਵਾਂਸ ਪੋਲਿੰਗ ਦਾ ਕੰਮ ਮੁਕੰਮਲ ਹੋਇਆ, ਹੁਣ 18 ਅਕਤੂਬਰ ਵਾਲੇ ਦਿਨ ਵੋਟਾਂ ਪੈਣਗੀਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਇੱਕ ਹਫ਼ਤੇ ਵਾਸਤੇ ਮਿਉਨਿਸਿਪਲ ਇਲੈਕਸ਼ਨ ਲਈ ਐਡਵਾਂਸ ਵੋਟਿੰਗ ਸ਼ੁੱਕਰਵਾਰ 8 ਅਕਤੂਬਰ ਤੱਕ ਤੱਕ ਸਵੇਰੇ 8 ਵਜੇ ਤੋਂ ਸ਼ਾਮ 7 ਵਜੇ ਤੱਕ, ਸ਼ਨੀਵਾਰ, 9 ਅਕਤੂਬਰ ਵਾਲੇ ਦਿਨ ਸਵੇਰ 10 ਵਜੇ ਤੋਂ ਸ਼ਾਮ 7 ਵਜੇ ਤੱਕ ਅਤੇ ਐਤਵਾਰ, 10 ਅਕਤੂਬਰ ਨੂੰ ਸਵੇਰ 10 ਵਜੇ ਤੋਂ ਬਾਦ ਦੁਪਹਿਰ 3 ਵਜੇ ਤੱਕ ਵੋਟਾਂ ਪਾਉਣ ਦਾ ਕੰਮ ਮੁਕੰਮਲ ਹੋਇਆ । 18 ਅਕਤੂਬਰ ਸੋਮਵਾਰ ਵਾਲੇ ਦਿਨ ਵੋਟਿੰਗ ਦਾ ਸਮਾਂ ਸਵੇਰ 8 ਤੋਂ ਸ਼ਾਮ 8 ਵਜੇ ਤੱਕ ਰਹੇਗਾ। ਵੋਟਰਾਂ ਨੂੰ ਆਪਣੇ ਨਿਰਧਾਰਿਤ ਪੋਲਿੰਗ ਸਟੇਸ਼ਨ 'ਤੇ ਹੀ ਵੋਟ ਪਾਉਣ ਨੂੰ ਕਿਹਾ ਗਿਆ ਹੈ ਤੇ ਉਹਨਾਂ ਕੋਲ ਪਛਾਣ ਪੱਤਰ ਅਤੇ ਵੋਟਿੰਗ ਲਈ ਯੋਗਤਾ ਹੋਣ ਦਾ ਸਬੂਤ ਹੋਣਾ ਚਾਹੀਦਾ ਹੈ। ਵੋਟਰਾਂ ਨੂੰ ਸਿਟੀ ਮੇਅਰ ਵਾਸਤੇ 27 ਉਮੀਦਵਾਰਾਂ ਵਿੱਚੋਂ ਇੱਕ ਦੀ ਚੋਣ ਕਰਨੀ ਹੋਵੇਗੀ ਤੇ ਵਾਰਡ ਕੌਂਸਲਰਾਂ ਲਈ ਹਰੇਕ ਵਾਰਡ ਵਿੱਚ ਵੱਖ ਵੱਖ ਗਿਣਤੀ ਵਿੱਚ ਖੜ੍ਹੇ ਉਮੀਦਵਾਰਾਂ ਵਿੱਚੋਂ ਇੱਕ ਦੀ ਚੋਣ ਕਰਨੀ ਹੋਵੇਗੀ। ਕੌਂਸਲਰ ਬਣਨ ਦੀ ਦੌੜ ਵਿੱਚ 100 ਤੋਂ ਵੱਧ ਉਮੀਦਵਾਰ ਹਨ ਜਦੋਂ ਪਬਲਿਕ ਸਕੂਲ ਟ੍ਰਸਟੀਜ਼ ਵਾਸਤੇ 37 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਕੈਥੋਲਿਕ ਸਕੂਲ ਬੋਰਡ ਟ੍ਰਸਟੀਜ਼ ਲਈ 18 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਇਹਨਾਂ ਤੋਂ ਇਲਾਵਾ ਸ਼ਹਿਰਵਾਸੀ ਰੈਫ਼ਰੰਡਮ ਵਿੱਚ ਵੀ ਹਿੱਸਾ ਲੈਣਗੇ। ਰੈਫ਼ਰੰਡਮ ਵਾਸਤੇ ਦੋ ਬੈਲੇਟ ਹੋਣਗੇ – ਇੱਕ ਮਿਉਨਿਸਪਲ ਅਤੇ ਇੱਕ ਪ੍ਰੋਵਿੰਸ਼ੀਅਲ ਸਬੰਧੀ 4 ਸਵਾਲ ਪੁੱਛੇ ਜਾ ਰਹੇ ਹਨ ਜਿਹਨਾਂ ਵਿੱਚੋਂ 3 ਦੇ ਜਵਾਬ ਹਾਂ ਜਾਂ ਨਾਂਹ ਵਿੱਚ ਦੇਣੇ ਹੋਣਗੇ। ਚੌਥੇ ਸਵਾਲ ਵਿੱਚ ਐਲਬਰਟਾ ਤੋਂ 3 ਸੈਨੇਟਰਾਂ ਦੀ ਚੋਣ ਕਰਨੀ ਹੋਵੇਗੀ ਤੇ ਇਸ ਵਿੱਚ 13 ਉਮੀਦਵਾਰਾਂ ਦੇ ਨਾਮ ਹੋਣਗੇ।

## ਮੂਲ ਨਿਵਾਸੀ ਭਾਈਚਾਰਿਆਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਨਾ ਸਕਣ ਕਾਰਣ ਪ੍ਰਧਾਨ ਮੰਤਰੀ ਟਰੂਡੋ ਨੇ ਉਹਨਾਂ ਕੋਲੋਂ ਮੁਆਫੀ ਮੰਗ ਲਈ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੂਲ ਨਿਵਾਸੀਆਂ ਨੂੰ ਸਮਰਪਿਤ ਕੀਤੇ ਗਏ ਦੇਸ਼ ਦੇ ਪਹਿਲੇ ਟਰੁਥ ਐਂਡ ਰਿਕੌਂਸਿਲਿਏਸ਼ਨ ਡੇਅ ਮੌਕੇ ਪਰਿਵਾਰ ਸਮੇਤ ਬ੍ਰਿਟਿਸ਼ ਕੋਲੰਬੀਆ ਦੇ ਟੌਫੀਨੋ ਨਾਮਕ ਸਥਾਨ 'ਤੇ ਛੁੱਟੀਆਂ ਕੱਟਣ ਚਲੇ ਜਾਣ ਕਾਰਨ ਕਸੂਤੇ ਫਸੇ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ ਮਾਫੀ ਮੰਗ ਲਈ ਹੈ। 30 ਸਤੰਬਰ ਵਾਲੇ ਦਿਨ ਫੈਡਰਲ ਸਰਕਾਰ ਨੇ ਡੇਅ ਔਫ਼ ਟਰੁਥ ਐਂਡ ਰਿਕੌਂਸਿਲਿਏਸ਼ਨ ਦੀ ਫੈਡਰਲ ਛੁੱਟੀ ਦਾ ਐਲਾਨ ਕੀਤਾ ਸੀ। ਉਸ ਦਿਨ ਦੇਸ਼ ਭਰ ਵਿੱਚ ਰੈਜ਼ਿਡੈਂਸ਼ੀਅਲ ਸਕੂਲਾਂ ਵਿੱਚ ਮਾਰੇ ਗਏ ਬੱਚਿਆਂ ਨੂੰ ਯਾਦ ਕੀਤਾ ਗਿਆ ਤੇ ਦੇਸ਼ ਭਰ ਵਿੱਚ ਸਮਾਗਮ ਰੱਖੇ ਗਏ ਸਨ। ਕੈਮਲੂਪਸ ਨੇਸ਼ਨ ਵੱਲੋਂ ਪ੍ਰਾਇਮ ਮਨਿਸਟਰ ਨੂੰ ਇਸ ਯਾਦਗਾਰੀ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਦੋ ਵਾਰ ਸੱਦਾ ਭੇਜਿਆ ਗਿਆ ਸੀ ਪਰ ਉਹ ਉਥੇ ਜਾਣ ਦੀ ਥਾਂ ਪਰਿਵਾਰ ਸਮੇਤ ਬੀ.ਸੀ. ਦੇ ਟੌਫੀਨੋ ਬੀਚ 'ਤੇ ਚਲੇ ਗਏ। ਦੋ ਦਿਨ ਉਹਨਾਂ ਦੀ ਇਸ ਮਾਮਲੇ ਨੂੰ ਲੈ ਕੇ ਆਲੋਚਨਾ ਹੁੰਦੀ ਰਹੀ ਤੇ ਅਖੀਰ ਐਤਵਾਰ ਵਾਲੇ ਦਿਨ ਉਹਨਾਂ ਕੈਮਲੂਪਸ ਨੇਸ਼ਨ ਦੀ ਮੁਖੀ ਰੋਜ਼ੈਨ ਕੈਸਿਮਿਰ ਨੂੰ ਫੋਨ ਕਰਕੇ ਮਾਫੀ ਮੰਗ ਲਈ ਤੇ ਕਿਹਾ ਕਿ ਉਹ ਸਮਾਗਮ ਵਿੱਚ ਨਹੀਂ ਜਾ ਸਕੇ ਜਿਸਦਾ ਉਹਨਾਂ ਨੂੰ ਅਫਸੋਸ ਹੈ। ਮੂਲ ਨਿਵਾਸੀ ਭਾਈਚਾਰਿਆਂ ਦੇ ਕਈ ਆਗੂਆਂ ਨੇ ਪ੍ਰਾਇਮ ਮਨਿਸਟਰ ਦੇ ਇਸ ਰਵਈਏ ਦੀ ਆਲੋਚਨਾ ਕੀਤੀ ਸੀ। ਪ੍ਰਾਇਮ ਮਨਿਸਟਰ ਔਫਿਸ ਵੱਲੋਂ ਇਸ ਮਾਫੀ ਸੰਬੰਧੀ ਕੀ ਕਿਹਾ ਗਿਆ ਹੈ, ਇਸ ਦੀ ਜਾਣਕਾਰੀ ਨਹੀਂ ਦਿੱਤੀ ਗਈ ਹੈ।

NEW LANED LOTS IN CORNERSTONE!
CORNERSTONE
LANED HOMES • 1412 TO 1710 SQ.FT.
Artist's Rendering Only.
NOW SELLING
starting from the mid $400's*
✓9 foot basement ceiling ✓Customizable plans ✓Main floor full bathroom
✓Side entry ✓Main floor bedroom
Visit the Cornerstone Showhome
643 Cornerstone Drive NE
Mon-Thurs: 2-8 pm, Sat, Sun & Holidays: 12-5 pm
Contact Deb Gearey
403-536-2321 | cornerstonelaned@shanehomes.com
shanehomes.com/cornerstone
SHANE HOMES
*Pricing includes house, lot, GST, and developer incentives. Subject to change without notice. Conditions Apply. See Area Managers for details.

Great, Professionally Trained Agents on your side
(403) 400-0000
Contact one of our realtors to get the results you want
ESTATEVIEW™
Real Estate & Property Management
Homes, Appartments, Commercial Bays, Businesses, Condos & Condo Corporations
Rabinder Gill

INVISALIGN & BRACES
ਇਨਵਿਜਅਲਾਇਨ ਅਤੇ ਬ੍ਰੇਸਿਸ
In House Orthodontist Available
$50 / Week
OUR SERVICES
VENEERS, CROWNS · NIGHT GUARDS · KIDS DENTISTRY · LIP FILLER AND BOTOX · TREAT HALITOSIS (BAD BREATH CARE)
TEETH WHITENING · GRINDING APPLIANCES · GENERAL DENTISTRY · EXTRACTIONS & WISDOM TEETH REMOVAL · SPORTS DENTAL APPLIANCES
All the DENTAL treatments except ortho are treated by General Dentist. DR. KHATTRA & ASSOCIATES
587-356-0555
DR. KHATTRA & ASSOCIATES info@redstonesmilesdental.com
#130-630 Redstone Dr NE, Calgary, AB T3N 1B6
OUR DENTAL FEES ARE LOWER THAN ALBERTA FEE GUIDE
DENTURES ਡੈਂਚਰ
In House Denturist Available
For your denture services book your free consult.
REDSTONE Smiles DENTAL
We speak Continense, Mandarin, Vietnamese, Tagalog, Arabic, Urdu, Punjabi and Hindi in addition to English.
✓WE ACCEPT ALL INSURANCES ✓FINANCING AVAILABLE
✓DIRECT BILLING TO INSURANCE ✓NO OBLIGATION CONSULT

Call For All Your Real Estate Needs
ਕੈਲਗਰੀ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਕੋਈ ਵੀ ਕਮਰਸ਼ੀਅਲ ਪ੍ਰਾਪਰਟੀ ਨਵਾਂ ਜਾਂ ਪੁਰਾਣਾ ਘਰ, ਖਰੀਦਣ ਜਾਂ ਵੇਚਣ ਲਈ ਕਾਲ ਕਰੋ
Aman Virk 403-608-1015 amanbirvirk@gmail.com
Century 21
Liquor Store, Car Wash, Condo, Bays for Sale
Gurprit Sidhu (Rana) 403-831-5000 sidhugurprit@hotmail.com

ਨਵੇਂ ਡਰਾਇਵਰਾਂ ਲਈ ਐਲ ਐਮ ਆਈ ਏ (LMIA) ਲਈ ਵੀ ਮਦਦ ਕਰਦੇ
ਕਲਾਸ ਵਨ ਡਰਾਈਵਰਾਂ ਦੀ ਲੋੜ
2 ਸਾਲ ਦਾ ਤਜ਼ਰਬਾ ਹੋਵੇ।
ਕੈਲਗਰੀ-ਕੈਲੇਫੋਰਨੀਆਂ ਕੈਲਗਰੀ-ਟਰਾਂਟੋ
GURU ROAD CONNECTIONS LTD. CALGARY, AB SAFE SERVICE ON TIME
We need CLASS 1 DRIVERS and OWNER OPERATORS
GURU ROAD CONNECTIONS LTD
PHONE : 403-798-6878
CELL : 403-461-7007
GRC GURU ROAD CARRIERS LTD CALGARY AB
GURU ROAD CARRIERS LTD
"SAFE SERVICE ON TIME"
ਅਲਬਰਟਾ ਹਾਈਵੇਅ
ਲੋਕਲ ਕੈਲਗਰੀ ਕਨਟੇਨਰ ਵਰਕ
ਡਰਾਇਵਰਾਂ ਦੀ ਲੋੜ ਹੈ
ਉਮਰ 25+
ਕਲਾਸ 1 ਡਰਾਈਵਰ ਲਾਇਸੈਂਸ
1 ਸਾਲ ਦਾ ਤਜ਼ਰਬਾ ਹੋਵੇ
EMAIL : grc2.dispatch@gmail.com
Harry Mangat (Operations Manager)
CELL : 403-461-7007
ਨਵੇਂ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ।
PHONE : 403-568-7005
Fax : 403-568-1006

AERO SIGN & PRINT INC. RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

ਘਰ ਅੰਦਰ ਕਾਰਪਿਟ ਇਕੱਲੀ ਫਰਸ਼ ਨਾਲ ਹੀ ਨਹੀਂ ਜੁੜੀ ਹੁੰਦੀ
ਸਗੋਂ ਤੁਹਾਡੀ ਜ਼ਿੰਦਗੀ ਦੇ ਹਰ ਪਲ ਨਾਲ ਵੀ ਜੁੜੀ ਹੁੰਦੀ ਐ
CARPET EMPIRE
ਘਰ ਅੰਦਰ ਜ਼ਿੰਦਗੀ ਦੇ ਵਾਸੇ ਲਈ ਕਾਰਪਿਟ ਅੰਪਾਇਰ ਕੈਲਗਰੀ ਆਓ ਫਿਰ ਦੇਖਿਓ ਜ਼ਿੰਦਗੀ ਦੇ ਰੰਗ
BEST PRODUCTS BEST PRICE
CARPET, HARDWOOD, LAMINATE, TILES, VINYL PLANKS, CARPET TILES & LINO
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇੰਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE NE CALGARY, AB T3J 4L4

**Vote**
**Elections Calgary**

# ਕੈਲਗਰੀ ਦੀਆਂ ਮਿਉਂਸੀਪਲ ਚੋਣਾਂ ਵਿੱਚ

# ਵੋਟ ਪਾਓ

## ਚੋਣ ਦਾ ਦਿਨ: 18 ਅਕਤੂਬਰ, 2021

**ਇਸ ਸਾਲ ਤੁਹਾਨੂੰ ਦੋ ਬੈਲੇਟ ਮਿਲਣਗੇ - ਇੱਕ ਮਿਉਂਸੀਪਲ ਅਤੇ ਇੱਕ ਪ੍ਰੋਵਿੰਸ਼ੀਅਲ ਬੈਲੇਟ।**

- ਵੋਟਰ ਮੇਅਰ, ਵਾਰਡ ਕੌਂਸਲਰਾਂ ਅਤੇ ਸਕੂਲ ਬੋਰਡ ਦੇ ਟਰੱਸਟੀਆਂ ਦੀ ਚੋਣ ਕਰਨਗੇ।
- ਵੋਟਰ ਸਾਡੇ ਪਾਣੀ ਵਿੱਚ ਫਲੋਰਾਈਡ ਮਿਲਾਏ ਜਾਣ 'ਤੇ ਵੋਟ ਪਾਉਣਗੇ।
- ਵੋਟਰ ਕੈਨੇਡਾ ਦੀ ਸੈਨੇਟ ਲਈ ਨਾਮਜ਼ਦ ਕੀਤੇ ਜਾਣ ਵਾਲੇ ਵਿਅਕਤੀਆਂ ਦੀ ਚੋਣ ਕਰਨਗੇ।
- ਵੋਟਰ ਸਮਾਨਤਾ (equalization) ਭੁਗਤਾਨਾਂ ਅਤੇ ਡੇ-ਲਾਈਟ-ਸੇਵਿੰਗ ਟਾਈਮ ਬਾਰੇ ਜਨਮਤਾਂ 'ਤੇ ਵੋਟ ਪਾਉਣਗੇ।



ਵਧੇਰੇ ਜਾਣਕਾਰੀ ਲਈ
**electionscalgary.ca** 'ਤੇ ਜਾਓ।




COPPERSTONE
AT COPPERFIELD

# CHOOSE YOUR INCENTIVE EVENT IS ON!

BOOK YOUR APPOINTMENT FROM OCTOBER 9TH - 16TH

## PHASE 4 RELEASE — CHOOSE YOUR INCENTIVE WORTH $10,000

ਕਾਪਰਸਟੋਨ ਵਿੱਚ ਫੇਸ 4 ਨੂੰ ਰਿਲੀਜ਼ ਕਰਨ ਦੇ ਜਸ਼ਨ ਮਨਾਉਂਦਿਆਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਇਹਨੀ ਦਿਨੀਂ ਮਿਲਣ ਵਾਲੀਆਂ ਵਿਸ਼ੇਸ਼ ਛੋਟਾਂ ਦਾ ਫਾਇਦਾ ਉਠਾਉਣ ਲਈ **9 ਤੋਂ 16 ਅਕਤੂਬਰ ਦੇ ਵਿਚਕਾਰ** ਸ਼ੋਅ ਹੋਮ ਵੇਖਣ ਆਉਣ ਲਈ ਆਪਣੀ ਅਪਾਇੰਟਮੈਂਟ ਬੁੱਕ ਕਰੋ

- **ਆਪਣੇ ਨਵੇਂ ਘਰ ਦੀ ਕੀਮਤ ਵਿੱਚੋਂ 10,000 ਡਾਲਰ ਬਚਾਓ**
- **ਡਿਜ਼ਾਈਨਰ ਕਰੈਡਿਟ ਵਿੱਚ 10,000 ਡਾਲਰ ਪਰਾਪਤ ਕਰੋ**
- **ਅੱਪਗਰੇਡਿੰਗ ਲਈ 10,000 ਡਾਲਰ ਦਾ ਪੈਕੇਜ ਮਿਲੇਗਾ**

ਸਾਡੇ ਨਵੇਂ ਜਾਰੀ ਕੀਤੇ ਐਗਜ਼ੀਕਿਟਿਵ ਸਟਾਈਲ ਘਰਾਂ,ਸਾਡੇ ਨਵੇਂ ਡਿਜ਼ਾਈਨ ਕੀਤੇ ਫਰੰਟ ਗੈਰੇਜ ਘਰਾਂ,ਜਾਂ ਕਾਪਰਸਟੋਨ ਵਿੱਚ ਸਿਗਨੇਚਰ ਸੀਰੀਜ਼ ਵਾਲੇ ਘਰਾਂ ਵਿੱਚੋਂ ਚੁਣੋ।ਇਹ ਘਰ ਤੁਹਾਡੇ ਬਜਟ ਅਤੇ ਵਿਲੱਖਣ ਜੀਵਨ ਸ਼ੈਲੀ ਦੇ ਅਨੁਕੂਲ ਹਨ

*IMPORTANT: Strict Covid-19 protocols will be in place. Visitors inside the Show homes will be limited and must practice social distancing and wear masks.



### MODERN SINGLE FAMILY HOMES

2,015 to 2,508 sq. ft.
3-4 bedrooms with bonus room
2-3 bathrooms
Legal basement suite option
**Starting from Low $500 (incl.GST)**



### EXECUTIVE SINGLE FAMILY HOMES

2,508 to 2,934 sq. ft.
3-4 bedrooms with bonus room | 2-3 bathrooms
Walk-out basement with options to add a legal basement suite.
**Starting from High $600 (incl.GST)**

Appointments MUST be made prior in order to visit Sales Centre & Showrooms.

Monday - Thursday: 2 - 8 PM
Sat, Sun & Holidays: 12 - 5 PM
Thrusday & Friday: by appointment

587.352.4266
COPPERSTONELIVING.COM
1233 Copperfield Blvd SE,
Calgary, AB T2Z 5G1

VESTA PROPERTIES

Choose your incentive of up to $10,000 off the price of your home, designer credit or upgrade options. This offer cannot be combined with other promotional offers. Some restrictions apply. Ask sales team for full details.

# ਵਾਰਡ 5 ਦੇ ਕੌਂਸਲਰ ਬਣਨ ਦੀ ਇੱਛਾ ਰੱਖਣ ਵਾਲੇ ਰਾਜ ਧਾਲੀਵਾਲ ਬਾਰੇ ਤੁਸੀਂ ਕੀ ਜਾਣਦੇ ਹੋ ?

ਰਾਜ ਧਾਲੀਵਾਲ ਇੱਕ ਪੁੱਤਰ, ਪਤੀ, ਪਿਤਾ, ਭਰਾ, ਚੰਗਾ ਕੈਲਗਰੀਅਨ, ਚੰਗਾ ਗੁਆਂਢੀ, ਚੰਗਾ ਮਿੱਤਰ, ਤੇਲ ਅਤੇ ਗੈਸ ਖੇਤਰ ਦਾ ਪੇਸ਼ੇਵਰ, ਜਾਨਵਰ ਪ੍ਰੇਮੀ, ਫੁੱਟਬਾਲ ਖਿਡਾਰੀ, ਹਾਕੀ ਪ੍ਰਸ਼ੰਸਕ ਅਤੇ ਕ੍ਰਿਕਟ ਪ੍ਰੇਮੀ ਹੈ। ਰਾਜ ਦਾ ਜਨਮ ਭਾਰਤ ਵਿੱਚ ਹੋਇਆ ਸੀ ਅਤੇ ਛੋਟੀ ਉਮਰ ਵਿੱਚ ਹੀ ਉਹ ਆਪਣੇ ਮਾਪਿਆਂ ਅਤੇ ਛੋਟੇ ਭਰਾ ਨਾਲ ਕੈਨੇਡਾ ਆ ਗਿਆ ਸੀ। ਉਸਦੇ ਪਰਿਵਾਰ ਨੇ ਨਾਰਥ ਈਸਟ ਕੈਲਗਰੀ ਵਿੱਚ ਰਹਿਣ ਦਾ ਫੈਸਲਾ ਕੀਤਾ। ਉਸ ਦੇ ਪਿਤਾ, ਜੋ ਭਾਰਤ ਵਿੱਚ ਇੱਕ ਪੇਸ਼ੇਵਰ ਇੰਜੀਨੀਅਰ ਰਹੇ ਸਨ, ਅਤੇ ਉਨ੍ਹਾਂ ਦੀ ਮਾਂ ਨੇ ਆਪਣੇ ਪਰਿਵਾਰ ਨੂੰ ਬਿਹਤਰ ਜੀਵਨ ਪ੍ਰਦਾਨ ਕਰਨ ਲਈ ਕਈ ਨੌਕਰੀਆਂ 'ਤੇ ਸਖਤ ਮਿਹਨਤ ਕੀਤੀ।

ਰਾਜ ਧਾਲੀਵਾਲ ਆਮ ਬੱਚਿਆਂ ਦੀ ਤਰਾਂ ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਪਲ ਕੇ ਵੱਡਾ ਹੋਇਆ। ਉਸਨੂੰ ਆਪਣੇ ਬਚਪਨ ਦੇ ਸਮੇ ਪ੍ਰੈਰੀ ਵਿੰਡਜ਼ ਪਾਰਕ ਵਿੱਚ ਹਾਕੀ ਅਤੇ ਕ੍ਰਿਕਟ ਖੇਡਣਾ ਪਸੰਦ ਸੀ। ਉਸਨੇ ਪਹਿਲੀ ਪਾਰਟ-ਟਾਈਮ ਨੌਕਰੀ ਹਾਈ ਸਕੂਲ ਦੌਰਾਨ ਹੀ ਨਾਰਥ ਈਸਟ ਦੇ ਇੱਕ ਕਨਵੀਨੀਅਸ ਸਟੋਰ ਵਿੱਚ ਕੀਤੀ।

ਲੈਸਟਰ ਬੀ ਪੀਅਰਸਨ ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ, ਰਾਜ ਨੇ ਕੈਲਗਰੀ ਯੂਨੀਵਰਸਿਟੀ ਵਿੱਚ ਪੜ੍ਹਾਈ ਕੀਤੀ, ਜਿੱਥੇ ਉਸਨੇ ਅੰਤਰਰਾਸ਼ਟਰੀ ਸੰਬੰਧਾਂ ਵਿੱਚ ਬੈਚਲਰ ਆਫ਼ ਆਰਟਸ ਪ੍ਰਾਪਤ ਕੀਤੀ – ਇਸਦੇ ਬਾਅਦ ਉਸਨੇ ਸ਼ੁਲਿਚ ਸਕੂਲ ਆਫ਼ ਇੰਜੀਨੀਅਰਿੰਗ ਕੋਲੋਂ ਕੈਮੀਕਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ।

ਰਾਜ ਧਾਲੀਵਾਲ ਦੇ ਖੁਸ਼ੀਆਂ ਭਰੇ ਵਿਆਹੁਤਾ ਜੀਵਨ ਦੌਰਾਨ ਦੋ ਪੁੱਤਰਾਂ ਦਾ ਬਾਪ ਹੈ। ਉਹ ਦਸ ਸਾਲਾਂ ਤੋਂ ਕੈਲਗਰੀ ਵਿੱਚ ਇੱਕ ਪ੍ਰਮੁੱਖ ਤੇਲ ਅਤੇ ਗੈਸ ਕੰਪਨੀ ਲਈ ਕੰਮ ਕਰ ਰਿਹਾ ਹੈ।

ਕਿਸ਼ੋਰ ਅਵਸਥਾ ਤੋਂ ਹੀ, ਰਾਜ ਆਪਣੇ ਸਥਾਨਕ ਭਾਈਚਾਰੇ ਵਿੱਚ ਸਰਗਰਮੀ ਨਾਲ ਜੁੜਿਆ ਹੋਇਆ ਹੈ। ਉਹ ਮਾਰਟਿਨਡੇਲ ਦੇ ਸਥਾਨਕ ਸਿੱਖ ਗੁਰੂਘਰ ਵਿੱਚ ਇੱਕ ਨਿਯਮਤ ਉਪਾਸਕ ਅਤੇ ਸਵੈਸੇਵਕ ਰਿਹਾ ਹੈ। ਕਰੋਨਾ ਦੇ ਸਮੇਂ ਦੌਰਾਨ ਰਾਜ ਨੇ ਗੁਰੂਘਰ ਵੱਲੋਂ ਲੰਗਰ ਦੀ ਸੇਵਾ ਦੌਰਾਨ ਘਰ ਘਰ -ਘਰ ਲੋੜਵੰਦਾਂ ਭੋਜਨ ਪਹੁਚਾਉਣ ਵਿੱਚ ਮੋਹਰੀ ਰੋਲ ਅਦਾ ਕੀਤਾ।

ਰਾਜ ਬਹੁਤ ਸਾਰੀਆਂ ਵੱਖ -ਵੱਖ ਭਾਈਚਾਰਕ ਪਹਿਲਕਦਮੀਆਂ ਦਾ ਸਮਰਥਨ ਕਰਨਾ ਜਾਰੀ ਰੱਖਦਾ ਹੈ। ਉਸਨੇ ਬਹੁਤ ਸਾਰੇ ਨੌਜਵਾਨ ਪੇਸ਼ੇਵਰਾਂ ਨੂੰ ਸਲਾਹ ਦਿੱਤੀ ਹੈ, ਅਤੇ ਉਸਨੇ ਉਨ੍ਹਾਂ ਨੂੰ ਕੈਲਗਰੀ ਵਿੱਚ ਨੌਕਰੀਆਂ ਲੱਭਣ ਵਿੱਚ ਸਹਾਇਤਾ ਕੀਤੀ ਹੈ। ਉਹ ਬਜ਼ੁਰਗਾਂ ਅਤੇ ਨਵੇਂ ਆਏ ਲੋਕਾਂ ਨਾਲ ਵੀ ਕੰਮ ਕਰਦਾ ਹੈ ਅਤੇ ਉਨ੍ਹਾਂ ਨੂੰ ਕੰਪਿਟਰ ਹੁਨਰ ਸਿਖਾਉਂਦਾ ਹੈ, ਅਤੇ ਨਾਰਥ ਈਸਟ ਵਿੱਚ ਕੈਲਗਰੀ ਪਬਲਿਕ ਲਾਇਬ੍ਰੇਰੀ ਦੁਆਰਾ ਉਨ੍ਹਾਂ ਦੀ ਨੌਕਰੀ ਦੀ ਭਾਲ ਵਿੱਚ ਉਨ੍ਹਾਂ ਦੀ ਸਹਾਇਤਾ ਕਰਦਾ ਹੈ।

ਰਾਜ ਨੇ ਨਾਰਥ ਈਸਟ ਫੈਮਿਲੀ ਕੁਨੈਕਸ਼ਨਾਂ ਦੇ ਬੋਰਡ ਆਫ਼ ਡਾਇਰੈਕਟਰਜ਼ ਵਿੱਚ ਵੀ ਸੇਵਾ ਨਿਭਾਈ, ਜਿੱਥੇ ਉਨ੍ਹਾਂ ਨੇ ਉਨ੍ਹਾਂ ਪ੍ਰੋਗਰਾਮਾਂ ਦੇ ਵਿਕਾਸ ਅਤੇ ਅਮਲ ਦੀ ਨਿਗਰਾਨੀ ਕਰਦਿਆਂ ਸਥਾਨਕ ਪਰਿਵਾਰਾਂ ਅਤੇ ਨੌਜਵਾਨਾਂ ਦੀ ਮੱਦਦ ਕੀਤੀ। ਇਸ ਦੁਆਰਾ, ਰਾਜ ਨੇ ਨਾਰਥ ਈਸਟ ਦੇ ਬਹੁਤ ਸਾਰੇ ਪਰਿਵਾਰਾਂ ਅਤੇ ਖਾਸ ਕਰਕੇ ਸ਼ਹਿਰੀ ਨੌਜਵਾਨਾਂ ਦਾ ਸਾਹਮਣਾ ਕਰਨ ਵਾਲੀਆਂ ਚੁਣੌਤੀਆਂ ਬਾਰੇ ਵਧੇਰੇ ਸਮਝ ਪ੍ਰਾਪਤ ਕੀਤੀ।

**ਰਾਜ ਧਾਲੀਵਾਲ ਹੁਣ ਵਾਰਡ 5 ਕੌਂਸਲਰ ਦੇ ਉਮੀਂਦਵਾਰ ਵੱਜੋਂ ਤੁਹਾਡੇ ਕੋਲੋਂ ਤੁਹਾਡੀ ਵੋਟ ਦੀ ਮੰਗ ਕਰਦਾ ਹੈ ਤਾਂ ਕਿ ਉਹ ਆਪਣੇ ਜ਼ਿੰਦਗੀ ਦੇ ਤਜ਼ਰਬਿਆਂ ਦਾ ਫਾਇਦਾ ਉਠਾਉਂਦੇ ਹੋਏ ਵਾਰਡ 5 ਦੀਆਂ ਮੁਸਕਿਲਾਂ, ਮੰਗਾਂ, ਲੋੜਾਂ, ਅਤੇ ਵਿਕਾਸ ਦੀਆਂ ਪੂਰਤੀਆਂ ਕਰ ਸਕੇ । ਵੋਟਾਂ ਆਉਣ ਵਾਲੀ 18 ਅਕਤੂਬਰ 2021 ਨੂੰ ਪੈਣੀਆ ਹਨ। ਸੋ ਵਾਰਡ 5 ਵਿੱਚ ਕੈਸਲਿਰਿੱਜ, ਫਾਲਕਿਨਰਿੱਜ, ਮਾਰਟਿਨਡੇਲ, ਟੈਰਾਡੇਲ, ਸੈਡਲਰਿੱਜ, ਸਿਟੀਸਕੇਪ, ਸਕਾਈਵਿਊ ਰੈਂਚ, ਰੈਡਸਟੋਨ, ਕੌਰਨਰਸਟੋਨ, ਸਵਾਨਾ, ਅਤੇ ਹੋਮਸਟੀਡ ਤੋਂ ਇਲਾਵਾ ਕਮਰੀਸਲ ਅਤੇ ਇੰਡਸਟਰੀਅਲ ਏਰੀਆ ਵਿੱਚੋਂ ਵੈਸਟਵਿੰਡਜ਼, ਪੈਗਾਸੂਸ, ਸਕਾਈਲਾਈਨ ਈਸਟ, ਡੀਅਰਫੁੱਟ ਬਿਜਨਿਸ ਸੈਂਟਰ, ਸਟੋਨੀ-1, ਸਟੋਨੀ-2, ਸਟੋਨੀ-3, ਸਟੋਨੀ-4, ਸਟੋਨਗੇਟ ਲੈਂਡਿੰਗ, ਸੈਡਲਰਿੱਜ ਇੰਡਸਟਰੀਅਲ ਅਤੇ ਕੈਲਗਰੀ ਇੰਟਰਨੈਸਨਲ ਏਅਰਪੋਰਟ ਦਾ ਏਰੀਆ ਸਾਮਿਲ ਹੈ। ਸੋ ਆਉਣ ਵਾਲੀ 18 ਅਕਤੂਬਰ ਨੂੰ ਰਾਜ ਧਾਲੀਵਾਲ ਦੇ ਹੱਕ ਵਿੱਚ ਪਾਈ ਗਈ ਤੁਹਾਡੀ ਵੋਟ ਤੁਹਾਡੇ ਵਾਰਡ 5 ਅਤੇ**



# ਟਰੂਡੋ ਸਰਕਾਰ ਨੇ ਲੁਧਿਆਣੇ ਯੂਨੀਵਰਿਸਟੀ ਦੇ ਪੜ੍ਹੇ ਲਿਖੇ ਡਾਕਟਰ ਹਰਪ੍ਰੀਤ ਸਿੰਘ ਕੋਚਰ ਨੂੰ ਵੱਡੀ ਜਿੰਮੇਵਾਰੀ ਦਿੱਤੀ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਡਾਕਟਰ ਹਰਪ੍ਰੀਤ ਸਿੰਘ ਕੋਚਰ ਨੂੰ ਅਹਿਮ ਜਿੰਮੇਵਾਰੀ ਦਿੰਦਿਆ ਉਨਾਂ ਨੂੰ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਪ੍ਰੈਜੀਡੈਂਟ ਬਣਾਇਆ ਹੈ। ਡਾਕਟਰ ਹਰਪ੍ਰੀਤ ਸਿੰਘ ਕੋਚਰ ਇਸ ਤੋਂ ਪਹਿਲਾਂ ਐਸੋਸੀਏਟ ਡਿਪਟੀ ਮਨਿਸਟਰ ਆਫ ਹੈਲਥ ਵੱਜੋ ਕੰਮ ਕਰ ਰਹੇ ਸਨ। ਡਾਕਟਰ ਕੋਚਰ ਨੇ ਇਹ ਜਿੰਮੇਵਾਰੀ 12 ਅਕਤੂਬਰ 2021 ਤੋਂ ਸੰਭਾਲ ਲਈ ਹੈ। । ਡਾਕਟਰ ਹਰਪ੍ਰੀਤ ਸਿੰਘ ਕੋਚਰ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਟੀ ਲੁਧਿਆਣਾ ਤੋ ਮਾਸਟਰ ਇਨ ਵੈਟਰਨਰੀ ਸਾਇੰਸ ਅਤੇ ਕੈਨੇਡਾ ਦੀ ਗਾਲਫ ਯੂਨੀਵਰਸਟੀ ਤੋਂ ਡਾਕਟਰੇਟ ਇਨ ਐਨੀਮਲ ਬਾਉਟੈਕਨਾਲੋਜੀ ਦੀ ਪੜਾਈ ਕੀਤੀ ਹੋਈ ਹੈ।

2017-2020 ਤੱਕ ਡਾਕਟਰ ਕੋਚਰ ਅਸਿਸਟੈਂਟ ਡਿਪਟੀ ਮਨਿਸਟਰ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜਨਸ਼ਿਪ ਕੈਨੇਡਾ ਵੱਜੋ ਵੀ ਸੇਵਾਵਾ ਨਿਭਾ ਚੁੱਕੇ ਹਨ

। ਵੱਡੀ ਗਿਣਤੀ ਵਿੱਚ ਪੰਜਾਬ ਐਗਰੀਕਲਚਰ ਯੁਨੀਵਰਿਸਟੀ ਲੁਧਿਆਣਾ ਤੋਂ ਵਿਦਿਆ ਪ੍ਰਾਪਤੀ ਉਪਰੰਤ ਕਨੇਡਾ ਵਿੱਚ ਆਣ ਵਸੇ ਪੰਜਾਬੀ ਭਾਈਚਾਰੇ ਇਸ ਮੌਕੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ ਜਿਸ ਵਿੱਚ ਰਾਮ ਸਿੰਘ ਸਿੱਧੂ, ਜਗਦੀਸ਼ ਸਿੰਘ ਸਰਾਂ, ਮਨਜੋਤ ਗਿੱਲ, ਮਨਮੋਹਨ ਬਰਾੜ,ਸਤਨਾਮ ਸਿੰਘ ਥੋਥੜ, ਜਸਕਰਨ ਰੰਧਾਵਾ,ਸੰਦੀਪ ਬਜਾਜ,ਕਮਲ ਬਾਸੀ,ਰਵਿੰਦਰ ਸਿੱਧੂ,ਰਾਜਪਾਲ ਰੰਧਾਵਾ,ਧਰਮਿੰਦਰ ਖੰਗੂੜਾ,ਚਰਨਜੀਤ ਸਿਵੀਆ, ਜਸਕਰਨਵੀਰ ਢਿੱਲੋਂ, ਬਲਜਿੰਦਰ ਸ਼ਰਮਾ, ਜਸਪਾਲ ਵਿਰਕ,ਬਿੱਕਰ ਸਿੱਧੂ,ਸੰਦੀਪ ਮਾਂਗਟ,ਸੋਨੀਆ ਵਿਰਕ,ਜਸਪਾਲ ਸੇਖੋਂ, ਅਮਨ ਬਾਠ,ਹਰਿੰਦਰ ਮਾਵੀ,ਹਰਜੀਤ ਧਾਮੀ, ਦਵਿੰਦਰਪਾਲ ਸਹਿਦੇਵ, ਜਸਵੀਰ ਸਿੱਧੂ,ਸੁਖਪਾਲ ਬਰਾੜ ਅਤੇ ਕੰਵਰ ਬਰਾੜ ਦੇ ਨਾਂ ਸਾਮਿਲ ਹਨ।

# ਸਟੋਨਗੇਟ ਬਿਜਨਿਸ ਪਾਰਕ ਦੇ 160 ਏਕੜ ਏਰੀਆ ਵਿੱਚ ਹੋਰਨਾਂ ਬਿਜਨਿਸਾਂ ਤੋਂ ਬਿਨਾਂ ਨਵਾਂ ਗੁਰੂਦਵਾਰਾ ਸਾਹਿਬ ਵੀ ਬਣੇਗਾ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਆਉਣ ਵਾਲੇ ਸਾਲਾਂ ਵਿੱਚ ਇੱਕ ਬਹੁਤ ਵੱਡਾ ਵਿਓਪਾਰਕ ਸੈਂਟਰ ਬਣਨ ਜਾ ਰਿਹਾ ਹੈ। ਰੌਨਮੋਰ ਡਿਵੈਲਪਰਜ਼ ਇੱਕ ਵਾਲੇ ਰੰਮੀ ਧਾਲੀਵਾਲ ਵੱਲੋਂ ਉਸਾਰੇ ਜਾ ਰਹੇ ਸਟੋਨਗੇਟ ਬਿਜਨਿਸ ਪਾਰਕ ਬਾਰੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਅਗਲੇ ਸਾਲ 2022 ਦੌਰਾਨ ਇਸ ਦੀਆਂ ਸਰਵਿਸਾਂ ਸੁਰੂ ਹੋ ਜਾਣਗੀਆਂ। 36 ਸਟਰੀਟ ਨਾਰਥ ਈਸਟ ਅਤੇ ਕੰਟਰੀਹਿੱਲਜ਼ ਬੁਲੇਵਾਰਡ ਦੀ ਕਰਾਸਿੰਗ ਉਪਰ ਪੰਜਾਬੀ ਸੱਭਿਆਚਾਰ ਦਾ ਪ੍ਰਤੀਕ ਇਹ ਬਿਜਨਿਸ ਪਾਰਕ ਆਮ ਲੋਕਾਂ ਲਈ ਵਿਸੇਸ ਖਿੱਚ ਦਾ ਕੇਂਦਰ ਹੋਵੇਗਾ ਕਿਉਂਕਿ ਇੱਥੇ ਗੁਰੁਦਵਾਰਾ ਸਾਹਿਬ ਦੀ 11 ਏਕੜ ਏਰੀਆ ਵਿੱਚ ਬਣਨ ਵਾਲੀ ਨਵੀਂ ਬਿਲਡਿੰਗ ,ਮੈਰਿਜ ਪੈਲੇਸ, ਕਾਰ ਵਾਸ਼, ਕਾਰਾਂ ਦੀ ਸੇਲ ਵਾਲੀ ਕੰਪਨੀ ਦਾ ਸੋਅ ਹੋਮਜ਼ ,ਗਰੌਸਰੀ ਸਟੋਰ, ਹੋਰ ਬਹੁਤ ਸਾਰ ਵਿਓਪਾਰਕ ਅਦਾਰੇ ਤੁਹਾਡੀਆਂ ਨਿੱਤ ਦੀਆਂ ਲੋੜਾਂ ਦੀ ਪੂਰਤੀ ਲਈ ਹੋਣਗੇ। ਆਪੋ ਆਪਣੇ ਬੇਅ ਬੁੱਕ ਕਰਵਾਉਣ ਲਈ ਬੀਤੀ 2 ਅਕਤੂਬਰ ਵਾਲੇ ਦਿਨ ਇੱਕ ਦਿਨ ਦਾ ਓਪਨ ਹਾਊਸ ਲਗਾਇਆ ਗਿਆ ਜਿਸ ਦੌਰਾਨ ਬਹੁਤ ਸਾਰ ਬਿਜਨਿਸਾਂ ਨੇ ਆਪੋ ਆਪਣੀ ਪਸੰਦ ਦੀਆਂ ਲਾਟਾਂ ਬੁੱਕ ਕਰਵਾ ਲਈਆਂ ਹਨ।

ਲੋਕਾਂ ਵਿੱਚ ਇਸ ਪਲਾਜੇ ਅੰਦਰ ਆਪਣਾ ਬਿਜਨਿਸ ਸਥਾਪਿਤ ਕਰਨ ਲਈ ਬਹੁਤ ਉਤਸਾਹ ਹੈ। ਅਗਰ ਤੁਹਾਡੇ ਵੀ ਦਿਲ ਦੀ ਇੱਛਾ ਹੈ ਕਿ ਭਵਿੱਖ ਵਿੱਚ ਤੁਹਾਡਾ ਬਿਜਨਿਸ ਵੀ ਸਟੋਨਗੇਟ ਪਲਾਜੇ ਅੰਦਰ ਹੋਵੇ ਤਾਂ ਤੁਸੀਂ ਵੀ ਰੰਮੀ ਧਾਲੀਵਾਲ ਨਾਲ 403 589 8636 ਜਾਂ ਆਫਿਸ ਵਿੱਚ 403 797 0007 ਉੱਪਰ ਸੰਪਰਕ ਕਰ ਸਕਦੇ ਹੋ।

# 20 ਮਿਲੀਅਨ ਡਾਲਰ ਦੀ ਲਾਗਤ ਨਾਲ ਕੈਲਗਰੀ ਵਿੱਚ ਇਸਲਾਮਿਕ ਸਕੂਲ ਬਣੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਨੌਰਥ ਈਸਟ ਵਿੱਚ 80 ਐਵੇਨਿਊ ਉੱਪਰ ਮੇਅਟੀ ਟ੍ਰੇਲ ਨੇੜੇ ਗ੍ਰੀਨ ਡੋਮ ਮਾਸਕ ਦੇ ਨਾਲ ਲੱਗਦੀ ਜ਼ਮੀਨ 'ਤੇ ਬਣਨ ਵਾਲੇ ਨਵੇਂ ਇਸਲਾਮਿਕ ਸਕੂਲ ਵਾਸਤੇ ਜ਼ਮੀਨ ਦੀ ਖ਼ਰੀਦ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ। ਕੇ ਟੂ 9 ਸਕੂਲ ਵਿੱਚ ਲੜਕੇ ਅਤੇ ਲੜਕੀਆਂ ਨੂੰ ਐਲਬਰਟਾ ਸਿਲੇਬਸ ਦੇ ਨਾਲ ਨਾਲ ਇਸਲਾਮਿਕ ਅਤੇ ਭਾਸ਼ਾ ਦਾ ਅਧਿਐਨ ਕਰਵਾਇਆ ਜਾਵੇਗਾ। ਇਸ ਉਪਰ 20 ਮਿਲੀਅਨ ਡਾਲਰ ਦੀ ਲਾਗਤ ਆਉਣ ਦੀ ਸੰਭਾਵਨਾ ਹੈ। ਪੰਜਾਬੀ ਮੂਲ ਦੇ ਮੈਂਬਰ ਪਾਰਲੀਮੈਂਟ ਸ: ਜਸਰਾਜ ਸਿੰਘ ਹੱਲਣ ਨੇ ਵੀ ਨੀਂਹ ਪੱਥਰ ਰੱਖਣ ਦੀਆਂ ਰਸਮਾਂ ਮੌਕੇ ਆਪਣੀ ਹਾਜਰੀ ਭਰੀ।

# ਕੈਲਗਰੀ ਵਾਸੀ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨਾਲ ਸਰੀ ਦੇ ਸਾਹਿਤਕਾਰਾਂ ਨੇ ਕੀਤੀ ਸਾਹਿਤਕ ਮਿਲਣੀ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਕੈਲਗਰੀ ਵਸਨੀਕ ਨਾਮਵਰ ਸਾਹਿਤਕਾਰ ਕੇਸਰ ਸਿੰਘ ਨੀਰ ਦਾ ਸਰੀ ਵਿਖੇ ਅਦਾਰੇ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਇੱਕ ਵਿਸ਼ੇਸ਼ ਇਕੱਤਰਤਾ ਵਿੱਚ ਉਚੇਚੇ ਤੌਰ ਤੇ ਸਨਮਾਨ ਕੀਤਾ ਗਿਆ। ਇਸ ਟਰੱਸਟ ਦੇ ਬਾਨੀ ਜੈਤੇਗ ਸਿੰਘ ਅਨੰਤ ਦੁਆਰਾ ਆਯੋਜਿਤ ਸਮਾਰੋਹ ਵਿਚ ਉੱਥੋਂ ਦੇ ਚੋਣਵੇਂ ਸਾਹਿਤਕਾਰ ਸ਼ਾਮਲ ਹੋਏ। ਪੰਜਾਬੀ ਹੈਰੀਟੇਜ ਦੇ ਸੰਪਾਦਕ ਲਖਬੀਰ ਸਿੰਘ ਖੰਗੂੜਾ, ਕਵੀ ਬਿੱਕਰ ਸਿੰਘ ਖੋਸਾ, ਕਵੀ ਹਰਦਮ ਸਿੰਘ ਮਾਨ, ਕਵਿੱਤਰੀ ਹਰਸ਼ਰਨ ਕੌਰ ਅਤੇ ਰਾਮ ਗੜ੍ਹੀਆ ਟਰੱਸਟ ਕੈਨੇਡਾ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਆਪਣੀਆਂ ਰਚਨਾਵਾਂ ਨਾਲ ਸ਼ਿਰਕਤ ਕੀਤੀ। ਉਨ੍ਹਾਂ ਨੇ ਕੇਸਰ ਸਿੰਘ ਦੀਆਂ ਰਚਨਾਵਾਂ ਦੇ ਹਵਾਲੇ ਨਾਲ ਉਸ ਦੇ ਸਾਹਿਤ ਵਿਚ ਪਾਏ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ। ਅਨੇਕਾਂ ਮਿਆਰੀ ਪੁਸਤਕਾਂ ਦੇ ਸੰਪਾਦਕ ਅਤੇ ਉੱਘੇ ਫੋਟੋਗ੍ਰਾਫਰ ਜੈਤੇਗ ਸਿੰਘ ਨੇ ਨੀਰ ਦੀਆਂ ਕਵਿਤਾਵਾਂ, ਖਾਸ ਕਰ ਕੇ ਗ਼ਜ਼ਲਾਂ ਅਤੇ ਬਾਲ ਸਾਹਿਤ ਦੀਆਂ ਪੁਸਤਕਾਂ ਬਾਰੇ ਬੋਲਦਿਆਂ ਉਸ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਮਿਲੇ ਸ਼੍ਰੋਮਣੀ ਐਵਾਰਡ ਦਾ ਵੀ ਜ਼ਿਕਰ ਕੀਤਾ। ਉਸ ਦੇ ਸਫਲ ਅਧਿਆਪਨ ਕਾਰਜ ਅਤੇ ਅਧਿਆਪਕਾਂ ਦੇ ਹੱਕਾਂ ਲਈ ਕੀਤੇ ਸੰਘਰਸ਼ਾਂ ਵਿੱਚ ਪਾਏ ਯੋਗਦਾਨ ਦਾ ਸੰਖੇਪ ਬਿਊਰਾ ਦਿੱਤਾ। ਇਸ ਮੌਕੇ ਕੇਸਰ ਸਿੰਘ ਨੀਰ ਨੇ ਆਪਣੀਆਂ ਗ਼ਜ਼ਲਾਂ ਰਾਹੀਂ ਸਾਂਝ ਪਾਈ। ਉਸ ਦੀ ਗ਼ਜ਼ਲ ਦਾ ਇਹ ਸ਼ਿਅਰ ਉਸਦੀ ਲੋਕਾਂ ਦੇ ਮਸਲਿਆਂ ਪ੍ਰਤੀ ਚੇਤਨਤਾ ਅਤੇ ਲੋਕਾਂ ਤੋਂ ਮਿਲੇ ਨਿੱਘੇ ਹੁੰਗਾਰੇ ਦੀ ਤਰਜਮਾਨੀ ਕਰ ਗਿਆ -- ਉਠਾਇਆ ਹੈ ਸਦਾ ਦਿਲ ਤੇ ਜਿਹਨੇ ਵੀ ਭਾਰ ਲੋਕਾਂ ਦਾ, ਉਸੇ ਨੂੰ ਹੀ ਸਦਾ ਮਿਲਿਆ ਹੈ ਪੂਰਾ ਪਿਆਰ ਲੋਕਾਂ ਦਾ। ਨੀਰ ਨੇ ਆਪਣੇ ਜੀਵਨ, ਸਾਹਿਤਕ ਸਫ਼ਰ ਅਤੇ ਜ਼ਿੰਦਗੀ ਦੇ ਤਲਖ਼ ਤਜਰਬਿਆਂ ਦੀ ਸੰਖੇਪ ਜਾਣਕਾਰੀ ਦਿੱਤੀ। ਜੈਤੇਗ ਸਿੰਘ ਅਨੰਤ ਨੇ ਟਰੱਸਟ ਦੀ ਤਰਫੋਂ ਕੇਸਰ ਸਿੰਘ ਨੀਰ ਨੂੰ ਸਿਰੋਪਾ?, ਦਸਤਾਰ ਅਤੇ ਪੁਸਤਕਾਂ ਦਾ ਸੈੱਟ ਪ੍ਰਦਾਨ ਕਰ ਕੇ ਸਨਮਾਨਿਤ ਕੀਤਾ। ਨੀਰ ਨੇ ਆਪਣੀਆਂ ਪੁਸਤਕਾਂ ਦਾ ਸੈੱਟ ਜੈਤੇਗ ਸਿੰਘ ਅਨੰਤ ਨੂੰ ਟਰੱਸਟ ਲਈ ਭੇਟ ਕੀਤਾ। ਕੇਸਰ ਸਿੰਘ ਨੀਰ ਨੇ ਧੰਨਵਾਦੀ ਸ਼ਬਦਾਂ ਨਾਲ ਨਿਮਰਤਾ ਸਹਿਤ ਸਨਮਾਨ ਨੂੰ ਕਬੂਲਿਆ।










# ਵਾਰਡ 10 ਦੇ ਵੋਟਰ ਆਪਣੀ ਵੋਟ ਰੌਸ਼ਨ ਚੁੰਬਰ ਨੂੰ ਹੀ ਕਿਉਂ ਪਾਉਣਗੇ, ਜਾਣੋ ਉਸਦੇ ਕਾਰਣ ਇਹ ਹਨ।

ਰੋਸ਼ਨ ਚੁੰਬਰ ਇੱਕ ਪਿਤਾ, ਇੱਕ ਪਤੀ ਅਤੇ ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਲੰਮੇ ਸਮੇਂ ਤੋਂ ਨਿਵਾਸੀ ਹਨ। ਇੱਕ ਛੋਟੇ ਕਾਰੋਬਾਰ ਦੇ ਮਾਲਕ ਅਤੇ ਪਿਛਲੇ 20 ਸਾਲਾਂ ਤੋਂ ਇੱਕ ਰੀਅਲ ਅਸਟੇਟ ਪੇਸ਼ੇਵਰ ਵੱਜੋਂ ਵਿਚਰਨਾ ਉਸਦੀ ਜ਼ਿੰਦਗੀ ਦੀ ਸਫਲਤਾ ਦੀ ਕੁੰਜੀ ਰਿਹਾ ਹੈ। ਰੋਸ਼ਨ ਚੁੰਬਰ ਆਪਣੇ ਕਿੱਤੇ ਅਤੇ ਜ਼ਿੰਦਗੀ ਦੇ ਤਜਰਬਿਆਂ ਵਿੱਚੋਂ ਜਾਣਦਾ ਹੈ ਕਿ ਪਹਿਲਾਂ ਕਿਵੇਂ ਸੁਣਨਾ ਹੈਇਹੀ ਕਾਰਣ ਹੈ ਕਿ ਉਸਨੇ ਸੈਂਕੜੇ ਪਰਿਵਾਰਾਂ ਅਤੇ ਛੋਟੇ ਕਾਰੋਬਾਰੀਆਂ ਦੇ ਮਾਲਕਾਂ ਨਾਲ ਉਨ੍ਹਾਂ ਦੀ ਖ਼ੁਸ਼ਹਾਲੀ ਵਿੱਚ ਸਹਾਇਤਾ ਲਈ ਕੰਮ ਕੀਤਾ ਹੈ।

ਰੋਸ਼ਨ ਚੁੰਬਰ ਸੇਵਾ ਵਿੱਚ ਵਿਸ਼ਵਾਸ ਰੱਖਦੇ ਹਨ। ਕੌਂਸਲਰ ਹੋਣ ਦੇ ਨਾਤੇ, ਸਭ ਤੋਂ ਪਹਿਲਾਂ ਵਾਰਡ 10 ਦੇ ਵਸਨੀਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਨਾਲ ਸੁਣੇਗਾ ਅਤੇ ਫਿਰ ਉਹਨਾਂ ਦੀ ਪੂਰਤੀ ਲਈ ਸਫਲ ਯਤਨ ਕਰੇਗਾ।

ਰੌਸ਼ਨ ਚੁੰਬਰ ਦਾ ਮੰਨਣਾ ਹੈ ਕਿ ਕੌਂਸਲਰ ਦਾ ਕੰਮ ਵਾਰਡ 10 ਦੇ ਵਸਨੀਕਾਂ ਨੂੰ ਸਿਰਫ ਕੌਂਸਿਲ ਦੀਆਂ ਗਤੀਵਿਧੀਆਂ ਦੀ ਰਿਪੋਰਟ ਨਹੀਂ ਦੇਣੀ ਸਗੋਂ ਕੌਂਸਿਲ ਵਿੱਚ ਵਾਰਡ 10 ਦੀ ਪ੍ਰਤੀਨਿਧਤਾ ਕਰਨਾ ਹੈ, ਉਸਨੇ ਵਾਰਡ 10 ਦੇ 5000 ਤੋਂ ਵੱਧ ਵਸਨੀਕਾਂ ਨਾਲ ਉਨ੍ਹਾਂ ਦੀਆਂ ਚਿੰਤਾਵਾਂ ਬਾਰੇ ਗੱਲ ਕੀਤੀ ਹੈ ਅਤੇ ਉਹ ਭਵਿੱਖ ਵਿੱਚ ਵੀ ਸਿਟੀ ਕੌਂਸਲਰ ਵੱਜੋਂ ਅਜਿਹਾ ਕਰਦੇ ਰਹਿਣਗੇ। ਰੌਸ਼ਨ ਚੁੰਬਰ ਸਮਝਦੇ ਹਨ ਕਿ ਸਥਾਨਕ ਸਮੱਸਿਆਵਾਂ ਦੇ ਸਭ ਤੋਂ ਵਧੀਆ ਹੱਲ ਉੱਥੇ ਰਹਿਣ ਵਾਲੇ ਲੋਕਾਂ ਦੁਆਰਾ, ਉਸੇ ਸਮਾਜ ਵਿੱਚ ਮਿਲਦੇ ਹਨ ਜਿੱਥੇ ਇਹ ਹੋ ਰਿਹਾ ਹੈ।

ਆਰਥਿਕ ਸੰਕਟ ਦੇ ਇਸ ਸਮੇਂ, ਕੈਲਗਰੀ ਸ਼ਹਿਰ ਅਤੇ ਵਾਰਡ 10 ਨੂੰ ਮਜ਼ਬੂਤ ਅਗਵਾਈ ਦੀ ਸਖਤ ਜ਼ਰੂਰਤ ਹੈ। ਸਾਡੇ ਕੋਲ ਦੋਸਤ ਅਤੇ ਗੁਆਂਢੀ ਹਨ ਜੋ ਬਿਨਾਂ ਕੰਮ ਤੋਂ ਕਈ ਮਹੀਨਿਆਂ, ਇੱਥੋਂ ਤੱਕ ਕਿ ਕਈ ਸਾਲਾਂ ਤੋਂ ਬੇਰੁਜਗਾਰ ਹਨ। ਸਾਨੂੰ ਇਸ 'ਤੇ ਧਿਆਨ ਕੇਂਦਰਤ ਕਰਨ ਦੀ ਜ਼ਰੂਰਤ ਹੈ ਕਿ ਕੀ ਮਹੱਤਵਪੂਰਣ ਹੈ - ਲੋਕਾਂ ਦੇ ਹੱਥਾਂ ਵਿੱਚ ਵਧੇਰੇ ਪੈਸਾ ਅਤੇ ਸਰਕਾਰਾਂ ਦੇ ਹੱਥਾਂ ਵਿੱਚ ਘੱਟ ਹੋਣਾ ਚਾਹੀਦਾ ਹੈ। ਲੋਕਾਂ ਨੂੰ ਕੰਮ ਤੇ ਵਾਪਸ ਲਿਆਉਣਾ, ਆਰਥਿਕ ਵਿਭਿੰਨਤਾ ਨੂੰ ਉਤਸ਼ਾਹਤ ਕਰਨਾ, ਅਤੇ ਦੁਨੀਆ ਨੂੰ ਇਹ ਦਿਖਾਉਣਾ ਕਿ ਕੈਲਗਰੀ ਕਾਰੋਬਾਰ ਲਈ ਖੁੱਲੀ ਹੈ, ਰੋਸ਼ਨ ਚੁੰਬਰ ਲਈ ਨੌਕਰੀ #1 ਹੈ।

ਕੈਲਗਰੀ ਕੌਂਸਲ ਅਤੇ ਵਾਰਡ 10 ਦੇ ਸਫਲ ਹੋਣ ਲਈ, ਸਾਨੂੰ ਇੱਕ ਵਿਹਾਰਕ, ਤਜਰਬੇਕਾਰ, ਵਪਾਰ-ਮੁਖੀ ਕੌਂਸਲਰ ਦੀ ਲੋੜ ਹੈ ਜੋ ਸਾਡੇ ਵਿੱਤੀ ਸਰੋਤਾਂ ਨੂੰ ਕ੍ਰਮ ਵਿੱਚ ਪ੍ਰਾਪਤ ਕਰ ਸਕੇ ਅਤੇ ਕੈਲਗਰੀ ਨੂੰ ਕੈਲਗਰੀ ਦੇ ਲਾਭ ਵਾਪਸ ਕਰ ਸਕੇ।

ਵਾਰਡ 10 ਨੂੰ ਨਵੀਂ ਆਵਾਜ਼ ਦੀ ਲੋੜ ਹੈ। ਸਾਨੂੰ ਕਿਰਿਆਸ਼ੀਲ ਦੂਰਦਰਸ਼ੀ ਵਿਚਾਰਾਂ ਦੀ ਲੋੜ ਹੈ, ਉਹੀ ਪੁਰਾਣੀ ਨੌਕਰਸ਼ਾਹੀ ਸੋਚ ਦੀ ਨਹੀਂ। ਸਾਨੂੰ ਸੇਵਾ ਲਈ ਵਚਨਬੱਧ ਨੇਤਾ ਦੀ ਲੋੜ ਹੈ, ਨਾ ਕਿ ਕਿਸੇ ਅਧਿਕਾਰ ਦੀ। ਸੇਵਾਵਾਂ ਜਿਵੇਂ ਕਿ ਵਾਰਡ 10 ਦੇ ਵਸਨੀਕ ਨਿਯੰਤਰਿਤ ਖਰਚਿਆਂ, ਪ੍ਰਬੰਧਨ ਯੋਗ ਟੈਕਸਾਂ, ਮੁੱਖ ਸੇਵਾਵਾਂ ਦੀ ਗੁਣਵੱਤਾ ਅਤੇ ਸੁਰੱਖਿਅਤ ਭਾਈਚਾਰਿਆਂ ਦੇ ਹੱਕਦਾਰ ਹਨ।

## ਲੋਕਾਂ ਦੀ ਸੇਵਾ ਰੋਸ਼ਨ ਚੁੰਬਰ ਦਾ ਜਨੂੰਨ ਹੈ

**ਪਿਛਲੇ ਦੋ ਦਹਾਕਿਆਂ ਤੋਂ, ਉਹ ਸਰਗਰਮੀ ਨਾਲ ਸ਼ਾਮਲ ਹੈ ਅਤੇ ਜਨਤਕ ਸੇਵਾਵਾਂ ਲਈ ਵਚਨਬੱਧ ਹੈ। ਉਸਨੇ ਬਹੁਤ ਸਾਰੇ ਭਾਈਚਾਰੇ ਅਤੇ ਚੈਰਿਟੀ ਬੋਰਡਾਂ ਦੇ ਚੇਅਰਮੈਨ ਅਤੇ ਪ੍ਰਧਾਨ ਵੱਜੋਂ ਸੇਵਾ ਨਿਭਾਈ ਹੈ ਕਿਉਂਕਿ ਉਹ ਸਮਾਜ ਨੂੰ ਵਾਪਸ ਦੇਣ ਦੇ ਮਹੱਤਵ ਵਿੱਚ ਵਿਸ਼ਵਾਸ ਰੱਖਦਾ ਹੈ।**

ਹੁਣ ਰੌਸ਼ਨ ਚੁੰਬਰ ਤੁਹਾਡੇ ਕੋਲੋਂ ਤੁਹਾਡੀ ਵੋਟ ਦੀ ਮੰਗ ਕਰਦਾ ਹੈ ਤਾਂ ਕਿ ਵਾਰਡ 10 ਦੇ ਅਧੂਰੇ ਵਿਕਾਸ, ਅਣਗੌਲੀਆਂ ਲੋੜੀਂਦੀਆਂ ਜਰੂਰੀ ਸੇਵਾਵਾਂ, ਹੁਣ ਤੱਕ ਬੇ-ਧਿਆਨ ਰਹੀਆਂ ਸਮੱਸਿਆਵਾਂ ਵੱਲ ਧਿਆਨ ਕੇਂਦਰਿਤ ਕੀਤਾ ਜਾ ਸਕੇ। 18 ਅਕਤੂਬਰ ਵਾਲੇ ਦਿਨ ਤੁਹਾਡੀ ਵੋਟ ਰੌਸ਼ਨ ਚੁੰਬਰ ਦੇ ਹੱਕ ਵਿੱਚ ਪਵੇਗੀ ਤਾਂ ਭਵਿੱਖ ਵਿੱਚ ਤੁਸੀਂ ਬੜੇ ਮਾਣ ਨਾਲ ਕਹਿ ਸਕੋਗੇ ਕਿ ਸਾਡਾ ਕੌਂਸਲਰ ਰੌਸ਼ਨ ਚੁੰਬਰ ਹੈ। ਐਬੀਡੇਲ, ਕੋਰਲ ਸਪਰਿੰਗਸ, ਮਾਰਲਬਰੋ, ਮਾਰਲਬਰੋ ਪਾਰਕ, ਮੇਲੈਂਡ ਹਾਈਟਸ, ਮੋਂਟੇਰੀ ਪਾਰਕ, ਪਾਈਨ ਰਿੱਜ, ਰੰਡਲ, ਟੈਂਪਲ, ਵਿਸਟਾ ਹਾਈਟਸ, ਅਤੇ ਵ੍ਹਾਈਟਹੌਰਨ ਸਮੇਤ 11 ਕਮਿਓਨਿਟੀਆਂ ਵਾਰਡ 10 ਵਿੱਚ ਆਉਂਦੀਆਂ ਹਨ।

2021 ELECTION CALGARY

18 ਅਕਤੂਬਰ ਦਿਨ ਸੋਮਵਾਰ ਨੂੰ ਵੋਟ ਪਾਉਣ ਜਰੂਰ ਜਾਇਓ



VOTE CHUMBER

ROSHAN

FOR COUNCILLOR WARD 10

YOUR CHOICE FOR CHANGE

Voting On October 18th 2021

## Reasons To Vote For Roshan Chumber

At this time of economic crisis City of Calgary and Ward 10 are in dire need of strong leadership. We have friends and neighbours without work for months, even years. We need to focus on what is important – more money in the hands of people.

Roshan Chumber is a father, a husband and a long time resident of NE Calgary. As a small business owner and a Real Estate Professional for last 20 years listening has been key to his success. Roshan Chumber knows how to listen first. He has worked with hundreds of families and business owners to help them prosper.

Roshan Chumber believes the job of Councillor is to represent ward 10 residents to Council NOT just report Council activity back to voters. He has talked to over 5000 Ward-10 residents about their concerns and will continue to do so as a City Councillor.

www.RoshanChumber.ca

Authorized by the Official agent for Roshan Chumber

# ਗੈਸ ਦੀਆਂ ਕੀਮਤਾਂ ਅਸਮਾਨੀ ਪੁੱਜੀਆਂ ,1 ਡਾਲਰ 43 ਸੈਂਟ ਦੇ ਸਾਈਨਾਂ ਨੇ ਕਾਰ ਚਾਲਕਾਂ ਦੇ ਸਾਹ ਸੂਤੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਟਰਨੈਸ਼ਨਲ ਮਾਰਿਕਟ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਉਛਾਲ ਆਉਣ ਮਗਰੋਂ ਦੇਸ਼ ਭਰ ਦੇ ਗੈਸ ਸਟੇਸ਼ਨਜ਼ 'ਤੇ ਗੈਸੋਲਿਨ ਕੀਮਤਾਂ ਉਪਰ ਚੜ੍ਹਣ ਲੱਗੀਆਂ ਹਨ। ਪਿਛਲੇ ਸੱਤ ਸਾਲਾਂ ਵਿੱਚ ਗੈਸੋਲਿਨ ਕੀਮਤਾਂ ਇਸ ਪੱਧਰ 'ਤੇ ਨਹੀਂ ਪਹੁੰਚੀਆਂ ਸਨ। ਕੱਚੇ ਤੇਲ ਦੀ ਪ੍ਰਤੀ ਬੈਰਲ ਕੀਮਤ 80 ਯੂਐਸ ਡਾਲਰ ਦੇ ਨੇੜੇ ਚਲੀ ਗਈ ਹੈ। ਇਸ ਸਾਲ ਇਹ ਕੀਮਤ 63% ਚੜ੍ਹ ਗਈ ਹੈ। ਗੈਸੋਲਿਨ ਕੀਮਤ ਕੈਲਗਰੀ ਵਿੱਚ 1 ਡਾਲਰ 43 ਸੈਂਟ ਪ੍ਰਤੀ ਲਿਟਰ ਦੇ ਨੇੜੇ ਪਹੁੰਚ ਗਈ ਦਰਜ ਕੀਤੀ ਗਈ ਹੈ। ਬੀਤੇ ਦਿਨ ਕੱਚੇ ਤੇਲ ਦੀ ਪ੍ਰਤੀ ਬੈਰਲ ਕੀਮਤ 79 ਯੂਐਸ ਡਾਲਰ 'ਤੇ ਪਹੁੰਚ ਗਈ ਸੀ। ਗੈਸੋਲਿਨ ਕੀਮਤਾਂ ਵਧ ਜਾਣ ਅਤੇ ਗ੍ਰੌਸ਼ਰੀ ਕੀਮਤਾਂ ਵਿੱਚ ਵਾਧੇ ਕਾਰਨ ਲੋਕਾਂ ਦੀਆਂ ਜੇਬਾਂ 'ਤੇ ਬੋਝ ਵਧਣਾ ਸ਼ੁਰੂ ਹੋ ਗਿਆ ਹੈ।



# ਨਕਦੀ ਅਤੇ ਨਸ਼ੀਲੀਆਂ ਦਵਾਈਆਂ ਲੁੱਟਣ ਆਏ ਲੁਟੇਰੇ ਫਾਰਮਾਸਿਸਟ ਨੂੰ ਜਖ਼ਮੀ ਕਰ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਸ਼ਹਿਰ ਓਕੋਟੋਕਸ ਵਿੱਚ ਇੱਕ ਫਾਰਮੇਸੀ ਤੇ ਲੁੱਟਮਾਰ ਕਰਨ ਆਏ 4 ਵਿਅਕਤੀਆਂ ਨੇ ਉਥੇ ਕੰਮ ਕਰ ਰਹੇ ਫਾਰਮਾਸਿਸਟ ਨੂੰ ਜ਼ਖ਼ਮੀ ਕਰ ਦਿੱਤਾ ਦੱਸਿਆ ਜਾ ਰਿਹਾ ਹੈ। ਉਹਨਾਂ ਦੀ ਭਾਲ ਲਈ ਆਰ.ਸੀ.ਐਮ.ਪੀ. ਵੱਲੋਂ ਲੋਕਾਂ ਤੋਂ ਸਹਿਯੋਗ ਮੰਗਿਆ ਜਾ ਰਿਹਾ ਹੈ। ਦੇਰੀ ਨਾਲ ਪ੍ਰਾਪਤ ਜਾਣਕਾਰੀ ਮੁਤਾਬਕ ਬੀਤੀ 4 ਅਕਤੂਬਰ ਵਾਲੇ ਦਿਨ ਸਵੇਰੇ ਸਵਾ ਦਸ ਵਜੇ ਦੇ ਕਰੀਬ 3 ਵਿਅਕਤੀ ਸਰਜਿਕਲ ਮਾਸਕ ਅਤੇ ਗਲੱਵਜ਼ ਪਾ ਕੇ ਫਾਰਮਾਸੇਵ ਵਿੱਚ ਦਾਖ਼ਲ ਹੋਏ ਤੇ ਅੰਦਰ ਸਿਰਫ਼ ਫਾਰਮਾਸਿਸਟ ਹੀ ਮੌਜੂਦ ਸੀ। ਤਿੰਨੇ ਵਿਅਕਤੀ ਨਾਮਾਲੂਮ ਕੈਸ਼ ਅਤੇ ਨਸ਼ੀਲੀਆਂ ਦਵਾਈਆਂ ਲੈ ਕੇ ਫ਼ਰਾਰ ਹੋ ਗਏ। ਉਹਨਾਂ ਦੇ ਨਾਲ ਦਾ ਚੌਥਾ ਵਿਅਕਤੀ, ਬਾਹਰ ਗੱਡੀ ਸਟਾਰਟ ਕਰਕੇ ਉਹਨਾਂ ਦੀ ਉਡੀਕ ਕਰ ਰਿਹਾ ਸੀ। ਫਾਰਮਾਸਿਸਟ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਆਰਸੀਐਮਪੀ ਨੇ ਚਾਰਾਂ ਵਿੱਚੋਂ 3 ਦੀਆਂ ਤਸਵੀਰਾਂ ਜਾਰੀ ਕਰ ਦਿੱਤੀਆਂ ਹਨ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Westwinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆਂ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

Bliss & Beauty
Rejuvenate your Mind, Body & Soul.
Reiki, Bio Energy, Healing Touch & Facials
ਸਿਰਫ਼ ਔਰਤਾਂ ਲਈ ਸੇਵਾਵਾਂ
JASVIR KAUR
To Book a Session CALL us at:
403-829-4814
20 Saddlestone Drive NE T3J OW8
info.blissandbeauty@gmail.com Located on 2nd Floor in Saddleridge Plaza

PUNJABI SWEETS
HOUSE & RESTAURANT
ALL KINDS OF SWEETS NON-VEG & VEGI FOOD
FAST & BEST FRIENDLY SERVICE
TAKE OUT
We do catering also
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ!
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ!
urban Real Estate Services Ltd.
Akshay Kapoor
REALTOR®
403 891 0005

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਆਓ ਅਸੀਂ ਸਟੈਨ ਸੰਧੂ ਜੋ ਕੈਲਗਰੀ ਦੇ ਵਾਰਡ 5 ਦਾ ਕੌਂਸਲਰ ਉਮੀਦਵਾਰ ਹੈ, ਦੇ ਬਾਰੇ ਜਾਣਕਾਰੀ ਹਾਸਿਲ ਕਰੀਏ



ਸਟੈਨ ਸੰਧੂ ਕੈਲਗਰੀ ਦੇ ਨਾਰਥ ਈਸਟ ਵਿੱਚ ਜੰਮਪਲ ਕੇ ਵੱਡਾ ਹੋਇਆ ਕੈਨੇਡੀਅਨ ਨਾਗਰਿਕ ਹੈ। ਕੈਲਗਰੀ ਦੇ ਲੈਸਟਰ ਬੀ ਪੀਅਰਸਨ ਹਾਈ ਸਕੂਲ ਤੋਂ ਬਾਦ ਉਸਨੇ ਕੈਲਗਰੀ ਯੂਨੀਵਰਸਿਟੀ ਤੋਂ ਐਕਚੁਰੀਅਲ ਸਾਇੰਸ ਵਿੱਚ ਬੀਐਸਸੀ ਦੇ ਨਾਲ ਗ੍ਰੈਜੂਏਸ਼ਨ ਕੀਤੀ। ਉਹ ਇੱਕ ਕਮਿਓਨਿਟੀ ਲੀਡਰ ਅਤੇ 2017 ਤੋਂ ਵਾਰਡ 5 ਦੇ ਦਫਤਰ ਵਿੱਚ ਚੀਫ ਆਫ ਸਟਾਫ ਰਿਹਾ ਹੈ ।ਇਸ ਸਮੇ ਦੌਰਾਨ ਬਹੁਤ ਸਾਰੇ ਸਕਾਰਾਤਮਕ ਨਿਵੇਸ਼ ਕੀਤੇ ਹਨ। ਉਹ ਜ਼ਜਬੇ,ਤਜ਼ਰਬੇ ਅਤੇ ਸਮਰਪਣ ਭਰਪੂਰ ਗੁਣਾਂ ਵਾਲਾ ਨੇਤਾ ਹੈ।

ਉਸਦੇ ਮਾਪੇ ਪੰਜਾਬ ਤੋਂ ਇੰਮੀਗਰਾਂਟ ਹੋਕੇ ਕਨੇਡਾ ਦੇ ਸ਼ਹਿਰ ਕੁਨੈਲ ਆਏ ਸਨ ਅਤੇ ਫਿਰ ਕੈਲਗਰੀ ਆ ਗਏ ਜ਼ੁਆਨ ਹੁੰਦੇ ਹੁੰਦੇ ਖੇਡਾਂ ਖੇਡਦਿਆਂ ਹੀ ਸਟੈਨ ਵਿੱਚ ਲੀਡਰਸ਼ਿੱਪ ਵਾਲੇ ਗੁਣ ਆ ਗਏ। ਟੀਮ ਵਰਕ ਕਰਦਿਆਂ ਨੇੜਲਿਆਂ ਦਾ ਖਿਆਲ ਰੱਖਣਾ, ਸੇਵਾ ਭਾਵਨਾ ਅਤੇ ਆਪਣੀਆਂ ਪਰਾਪਤੀਆ ਰਾਹੀ ਸਮਾਜ ਨੂੰ ਕੁੱਝ ਦੇਣ ਦੀ ਸੋਚ ਮਾਪਿਆਂ ਦੀ ਸਖਤ ਮਿਹਨਤੀ ਪਰਵਾਸੀ ਜਿੰਦਗੀ ਵਿੱਚੋਂ ਸਟੈਨ ਵਿੱਚ ਆਉਂਦੀ ਗਈ। ਇਹੀ ਕਾਰਣ ਸੀ ਗੜ੍ਹੇਮਾਰੀ ਦੌਰਾਨ ਲੋਕਾਂ ਦੀ ਰਿਕਵਰੀ ਦੇ ਮਸਲੇ, ਕੋਵਿਡ ਮਹਾਂਮਾਰੀ ਦੌਰਾਨ ਟੈਕਸੀ ਡਰਾਈਵਰਾਂ ਦੀਆਂ ਸਮੱਸਿਆਵਾਂ, ਬਜ਼ੁਰਗਾਂ ਲਈ ਪੋਰਟੇਬਲ ਵਾਸ਼ਰੂਮ, ਅਤੇ ਨਸਲਵਾਦ ਜਿਹੇ ਮਸਲਿਆਂ ਪ੍ਰਤੀ ਉਸਨੇ ਚਿੰਤਾ ਜਾਹਿਰ ਕਰਦਿਆਂ ਗਰਾਉਂਡ ਲੈਬਲ ਉੱਪਰ ਕੰਮ ਕੀਤਾ।

ਗੁਰਦਵਾਰਾ ਦਸਮੇਸ ਕਲਚਰਲ ਸੈਂਟਰ ਕੈਲਗਰੀ ਦੇ ਅੱਗਿਓਂ ਲੰਘਦੀ ਸੜ ਦਾ ਨਾਂ ਗੁਰਦਵਾਰਾ ਸਾਹਿਬ ਬੁਲੇਵਾਰਡ ਰੱਖਣ ਵਾਲੇ ਪ੍ਰੋਜੈਕਟ ਅਤੇ ਸੈਡਲਰਿੱਜ ਏਰੀਆ ਵਿੱਚ ਘਰੇਲੂ ਹਿੰਸਾ ਜਾਂ ਕਿਸੇ ਹੋਰ ਕਾਰਣ ਪੀੜਤ ਔਰਤਾਂ ਲਈ ਬਣਾਈ ਜਾਣ ਵਾਲੀ ਸੁਰੱਖਿਅਤ ਸਾਈਟ ਲਈ, ਭਵਿੱਖ ਦੀ ਜਗ੍ਹਾ ਪ੍ਰਾਪਤ ਕਰਨ ਵਿੱਚ ਵੀ ਸਹਾਇਤਾ ਕੀਤੀ ਹੈ ਜੋ ਜੋਖਮ ਭਰੀਆਂ ਹਾਲਤਾਂ ਵਿੱਚ ਔਰਤਾਂ ਨੂੰ ਸੁਰੱਖਿਅਤ ਰਿਹਾਇਸ਼ੀ ਮਾਹੌਲ ਅਤੇ ਡਾਕਟਰਾਂ, ਸਲਾਹਕਾਰਾਂ ਅਤੇ ਫਾਰਮਾਸਿਸਟਾਂ ਤੱਕ ਪਹੁੰਚ ਦੀ ਮੱਦਦ ਦੇਵੇਗੀ। ਕੰਟਰੀਹਿੱਲਜ਼ ਬੁਲੇਵਾਰਡ ਉੱਪਰ ਨਵੇਂ ਗੁਰੂਘਰ ਦੀ ਉਸਾਰੀ ਲਈ ਜਮੀਨ ਦਿਵਾਉਣ ਸਬੰਧੀ ਪ੍ਰੋਜੈਕਟ ਵਿੱਚ ਆਪਣਾ ਯੋਗਦਾਨ ਪਾਕੇ ਸਿਟੀਸਕੇਪ,ਸਕਾਈਵਿਊ ਰੈਂਚ,ਰੈਡਸਟੋਨ ਅਤੇ ਕਾਰਨਰ ਸਟੋਨ ਏਰੀਆ ਦੇ ਵਸਨੀਕਾਂ ਨੂੰ ਸੌਖਾਲਿਆ ਹੀ ਗੁਰੂਘਰ ਦੀਆਂ ਸੇਵਾਵਾਂ ਦੇ ਨੇੜੇ ਕੀਤਾ।

**ਕੌਂਸਲਰ ਜੌਰਜ ਚਾਹਲ ਦੇ ਦਫਤਰ ਵਿੱਚ ਸਿਟੀ ਆਫ ਕੈਲਗਰੀ ਵੱਲੋਂ ਉਲੀਕੇ ਗਏ ਪਰੋਗਰਾਮ ਸਟੈਨ ਸੰਧੂ ਦੀ ਨਜ਼ਰਸਾਨੀ ਹੇਠ ਹਨ। ਸੋ ਹੁਣ ਭਵਿੱਖ ਵਿੱਚ ਜਦੋਂ ਉਹਨਾਂ ਪ੍ਰੋਜੈਕਟਾਂ ਨੂੰ ਨੇਪਰੇ ਚਾੜਨ ਦਾ ਸਮਾਂ ਹੈ ਤਾਂ ਵਾਰਡ 5 ਦੇ ਵੋਟਰਾਂ ਨੂੰ ਅਪੀਲ ਹੈ ਕਿ ਆਉਣ ਵਾਲੀ 18 ਅਕਤੂਬਰ 2021 ਨੂੰ ਆਪਣਾ ਕੀਮਤੀ ਵੋਟ ਪਾਕੇ ਸਟੈਨ ਸੰਧੂ ਨੂੰ ਕੌਂਸਲਰ ਚੁਣਕੇ ਭੇਜੋ ।ਆਓ ਅਸੀਂ ਇਕੱਠੇ ਮਿਲ ਕੇ, ਨਾਰਥ ਈਸਟ ਦਾ ਵਿਕਾਸ ਕਰਾਂਗੇ, ਨੌਕਰੀਆਂ ਦੇ ਮੌਕੇ ਪੈਦਾ ਕਰਾਂਗੇ ਅਤੇ ਵਾਰਡ 5 ਦੀ ਸੁਰੱਖਿਆ ਵਿੱਚ ਸੁਧਾਰ ਕਰਾਂਗੇ। ਸਟੈਨ ਦਾ ਵਾਅਦਾ ਹੈ ਕਿ ਉਹ ਸਖਤ ਮਿਹਨਤ ਕਰੇਗਾ ਅਤੇ ਤੁਹਾਡੀ ਨੁਮਾਇੰਦਗੀ ਕਰੇਗਾ। ਸਟੈਨ ਇਹ ਯਕੀਨੀ ਬਣਾਏਗਾ ਕਿ ਨਾਰਥ ਈਸਟ ਕੈਲਗਰੀ ਪਿੱਛੇ ਨਾ ਰਹੇ। ਉਹ ਇੱਕ ਮਜ਼ਬੂਤ ਨਾਰਥ ਈਸਟ ਕੈਲਗਰੀ ਬਣਾਉਣਾ ਚਾਹੁੰਦਾ ਹੈ ।**

ਵਾਰਡ 5 ਵਿੱਚ ਕੈਸਲਿਰਿੱਜ, ਫਾਲਕਿਨਰਿੱਜ, ਮਾਰਟਿਨਡੇਲ, ਟੈਰਾਡੇਲ, ਸੈਡਲਰਿੱਜ, ਸਿਟੀਸਕੇਪ, ਸਕਾਈਵਿਊ ਰੈਂਚ,ਰੈਡਸਟੋਨ, ਕੌਰਨਰਸਟੋਨ,ਸਵਾਨਾ,ਅਤੇ ਹੋਮਸਟੀਡ ਤੋਂ ਇਲਾਵਾ ਕਮਰੀਸਲ ਅਤੇ ਇੰਡਸਟਰੀਅਲ ਏਰੀਆ ਵਿੱਚੋਂ ਵੈਸਟਵਿੰਡਜ਼,ਪੈਗਾਸੁਸ,ਸਕਾਈਲਾਈਨ ਈਸਟ,ਡੀਅਰਫੁੱਟ ਬਿਜਨਿਸ ਸੈਂਟਰ,ਸਟੋਨੀ-1,ਸਟੋਨੀ-2, ਸਟੋਨੀ-3, ਸਟੋਨੀ-4, ਸਟੋਨਗੇਟ ਲੈਂਡਿੰਗ, ਸੈਡਲਰਿੱਜ ਇੰਡਸਟਰੀਅਲ ਅਤੇ ਕੈਲਗਰੀ ਇੰਟਰਨੈਸਨਲ ਏਅਰਪੋਰਟ ਦਾ ਏਰੀਆ ਸਾਮਿਲ ਹੈ।

**Authorized by the Official agent for Stan Sandhu**

# ਡੋਰ ਨੌਕਿੰਗ ਦੌਰਾਨ ਲੋਕ ਦਰਾਂ ਉੱਪਰੋਂ ਮਿਲਦਾ ਮਾਣ ਸਤਿਕਾਰ ਹੀ ਤੁਹਾਨੂੰ ਕੌਂਸਲਰਾਂ ਦੇ ਅਹੁਦਿਆਂ ਨਾਲ ਨਿਵਾਜਦਾ ਹੈ : ਰਾਜ ਧਾਲੀਵਾਲ





















ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਾਰਡ 5 ਵਿੱਚ ਕੌਂਸਲਰ ਦੀ ਚੋਣ ਲਈ ਮੈਦਾਨ ਵਿੱਚ ਤਿੰਨ ਉਮੀਂਦਵਾਰਾਂ ਵਿੱਚਕਾਰ ਫਸਵਾਂ ਮੁਕਾਬਲਾ ਸਮਝਿਆ ਜਾ ਰਿਹਾ ਹੈ । ਲੋਕ ਸੱਥਾਂ ਵਿਚਕਾਰ ਔਹ ਜਿੱਤੂਗਾ ਔਹ ਹਾਰੂਗਾ ਵਰਗੀਆਂ ਕਿਆਸ ਅਰਾਈਆਂ ਲੱਗਣੀਆਂ ਸੁਭਾਵਿਕ ਹੀ ਹੁੰਦੀਆਂ ਹਨ ਪਰ ਅਸਲ ਵਿੱਚ ਜਿਹੜੇ ਯੋਧੇ ਮੈਦਾਨ ਵਿੱਚ ਨਿੱਤਰੇ ਹੁੰਦੇ ਹਨ ਉਹਨਾਂ ਨੂੰ ਆਪਣੇ ਬਾਹੂ ਬਲ ਦਾ ਪਤਾ ਹੁੰਦਾ ਹੈ । ਘਰਾਂ ਦੇ ਅੱਗੇ ਘਾਹ ਉੱਪਰ ਪੋਸਟਰ ਲੱਗ ਜਾਂਦੇ ਹਨ । ਆਮ ਲੋਕ ਤਾਂ ਜਿਸ ਦੇ ਜਿਆਦਾ ਪੋਸਟਰ ਲੱਗੇ ਹੋਣ ਉਸੇ ਬਾਰੇ ਹੀ ਅੰਦਾਜ਼ੇ ਲਾਉਣੇ ਸੁਰੂ ਕਰ_ਦੰਦੇ ਹਨ ਕਿ ਬਈ ਇਸ ਵਾਰ ਤਾਂ ਫਲਾਣਾ ਈ ਜਿੱਤੂਗਾ । ਹਰ ਘਰ ਅੱਗੇ ਉਸੇ ਦੇ ਨਾਂ ਦੇ ਹੀ ਚਰਚੇ ਹਨ । ਭਾਵੇਂ ਇਹਨਾਂ ਚੋਣਾਂ ਦੌਰਾਨ ਅਜਿਹੇ ਚਰਚਿਆਂ ਦੇ ਉੱਪਰ ਪਰਪੱਕਤਾ ਦੀ ਮੋਹਰ ਤਾਂ 18 ਅਕਤੂਬਰ ਵਾਲੇ ਦਿਨ ਹੀ ਲੱਗਣੀ ਹੈ ਪਰ ਜਦੋਂ ਅਸੀ ਵਾਰਡ 5 ਤੋਂ ਕੌਂਸਲਰ ਦੇ ਉਮੀਂਦਵਾਰ ਰਾਜ ਧਾਲੀਵਾਲ ਨਾਲ ਗੱਲ ਕੀਤੀ ਤਾਂ ਉਹਨਾਂ ਦਾ ਦਾਅਵਾ ਸੀ ਕਿ ਲੋਕਾਂ ਨੇ ਰਾਜ ਧਾਲੀਵਾਲ ਨੂੰ ਕੌਂਸਲਰ ਤਾਂ ਮੰਨ ਲਿਆ ਹੈ ਪਰ ਉਸ ਉਪਰ ਮੋਹਰ 18 ਅਕਤੂਬਰ ਨੂੰ ਹੀ ਲੱਗਣੀ ਹੈ। ਰਾਜ ਦਾ ਕਹਿਣਾ ਹੈ ਕਿ ਉਹ ਅੱਜ ਭਲਕ ਵਿੱਚ ਛਾਲ ਮਾਰਕੇ ਲੋਕਾਂ ਵਿੱਚ ਨਹੀਂ ਆਇਆ ਸਗੋਂ ਆਪਣੀ ਜ਼ਿੰਦਗੀ ਦੇ ਬੀਤੇ ਵਿੱਚੋਂ ਲੋਕ ਸੰਪਰਕ ਦੀਆਂ ਯਾਦਾਂ ਮੁੜ ਆਪਣੇ ਆਲੇ ਦੁਆਲੇ ਵਸਦੇ ਲੋਕਾਂ ਨੂੰ ਚੇਤੇ ਕਰਵਾ ਹੁਣ ਉਹਨਾਂ ਕੋਲੋਂ ਵੋਟ ਮੰਗ ਰਿਹਾ ਹੈ। ਜਦੋਂ ਉਹ ਕਿਸੇ ਦਾ ਦਰਵਾਜਾ ਖੜਕਾਕੇ ਵੋਟ ਦੀ ਗੱਲ ਛੇੜਦਾ ਹੈ ਤਾਂ ਲੋਕ ਅੱਗਿਓ ਕਹਿੰਦੇ ਹਨ ਕਿ ਇਹ ਤਾਂ ਸਾਡੇ ਵਡਭਾਗ ਹਨ ਕਿ ਤੁਹਾਡੇ ਵਰਗਾ ਉਮੀਂਦਵਾਰ ਸਾਡੇ ਦਰ ਆਇਆ ਹੈ ਵੋਟ ਤਾਂ ਅਸੀਂ ਤੁਹਾਨੂੰ ਤੁਹਾਡੇ ਬਿਨਾ ਮੰਗਿਆਂ ਵੀ ਪਾ ਦੇਣੀ ਸੀ। ਵਿਓਪਾਰ ਦੇ ਖੇਤਰ ਵਿੱਚ ਆਪੋ ਆਪਣਾ ਕਾਰੋਬਾਰ ਕਰਦੇ ਸੱਜਣ ਮਿੱਤਰ ਮਿਲਣੀਆਂ ਦੇ ਜ਼ਰੀਏ ਰਾਜ ਧਾਲੀਵਾਲ ਦੀ ਜਿੱਤ ਯਕੀਨੀ ਹੋਣ ਦਾ ਅਹਿਸਾਸ ਕਰਵਾ ਰਹੇ ਹਨ। ਬੀਤੇ ਦਿਨੀ ਪੰਮਾ ਸਿੱਖ ਦੌਲਤ ਵਾਲਾ, ਰਾਜਦੀਪ ਗਰੇਵਾਲ, ਜਸਕੀਰਤ ਬਰਾੜ,ਮੇਜਰ ਬਰਾੜ,ਰਵੀ ਗਿੱਲ ,ਗੁਰਲਾਲ ਮਾਣੂੰਕੇ, ਰਾਜਪਾਲ ਲੰਢੇਕੇ ,ਰੁਪਿੰਦਰ ਗੁਰਾਇਆ, ਅਤੇ ਐਮ ਐਲ ਏ ਦਵਿੰਦਰ ਤੂਰ ਹੋਰਾਂ ਨੇ ਬੀਕਾਨੇਰ ਸਵੀਟਸ ਉੱਪਰ ਵੱਡਾ ਇਕੱਠ ਕਰਕੇ ਰਾਜ ਧਾਲੀਵਾਲ ਦੇ ਹਮਾਇਤੀ ਹੋਣ ਦਾ ਦਾਅਵਾ ਵੀ ਕੀਤਾ ।

# ਵਾਰਡ 10 ਵਿੱਚ ਕੌਂਸਲਰ ਉਮੀਂਦਵਾਰ ਰੌਸ਼ਨ ਚੁੰਬਰ ਦੀ ਚੋਣ ਮੁਹਿਮ ਨੂੰ ਬਜੁਰਗਾਂ ਵੱਲੋਂ ਭਰਵਾਂ ਹੁੰਗਾਰਾ










ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਮਿਉਂਸਪਲਿਟੀ ਦੀਆਂ ਚੋਣਾਂ ਸਬੰਧੀ ਵੋਟਾਂ 18 ਅਕਤੂਬਰ 2021 ਵਾਲੇ ਦਿਨ ਪੈਣਗੀਆਂ । ਕੈਲਗਰੀ ਦੇ ਵੱਖੋ ਵੱਖ 15 ਵਾਰਡਾਂ ਤੋਂ 100 ਦੇ ਕਰੀਬ ਉਮੀਂਦਵਾਰ ਕੌਂਸਲਰ ਲਈ ਅਤੇ 26 ਦੇ ਕਰੀਬ ਮੇਅਰ ਦੀ ਚੋਣ ਲਈ ਚੋਣ ਮੈਦਾਨ ਵਿੱਚ ਹਨ। ਵਾਰਡ 10 ਤੋਂ ਇਸ ਵੇਲੇ ਕੁੱਲ 11 ਉਮੀਂਦਵਾਰ ਕੌਂਸਲਰ ਬਣਨ ਦੇ ਇਰਾਦੇ ਨਾਲ ਚੋਣ ਮੈਦਾਨ ਵਿੱਚ ਹਨ । ਪਰ ਜੇਕਰ ਚੋਣ ਸਰਗਰਮੀਆਂ ਉੱਪਰ ਨਜ਼ਰ ਮਾਰੀਏ ਤਾਂ ਵਾਰਡ 10 ਤੋਂ ਚਰਚਿਤ ਨਾਂ ਰੌਸਨ ਚੁੰਬਰ ਇਹਨੀ ਦਿਨੀ ਬੜੇ ਜੋਰਾਂ ਸ਼ੋਰਾਂ ਨਾਲ ਦਰ ਦਰ ਜਾਕੇ ਲੋਕਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰ ਰਿਹਾ ਹੈ। ਕਦੀ ਉਹ ਲੋਕਲ ਟਰੇਨ ਸਟੇਸਨ ਉੱਪਰ ਖਲੋਤਾ ਵਿਖਾਈ ਦਿੰਦਾ ਹੈ ਜਿੱਥੇ ਉਹ ਆਪਣੇ ਹਲਕੇ ਦੇ ਵੋਟਰਾਂ ਨੂੰ ਜੋ ਕਿ ਟਰੇਨ ਫੜਨ ਲਈ ਉਸਦੇ ਕੋਲੋਂ ਦੀ ਲੰਘਦੇ ਹਨ ਤਾਂ ਉਹ ਆਪਣੇ ਵਾਰੇ ਜਾਣਕਾਰੀ ਉਹਨਾਂ ਨਾਲ ਸਾਂਝੀ ਕਰਦਾ ਰਹਿੰਦਾ ਹੈ । ਉਹ ਦਰ ਦਰ ਜਾਕੇ ਲੋਕਾਂ ਦੀਆਂ ਮੁਸਕਿਲਾਂ ਸੁਣਨ ਦੇ ਉਪਰਾਲੇ ਕਰਦਾ ਹੈ ਜਿਹੜੇ ਪਿਛਲੇ ਸਮੇਂ ਦੌਰਾਨ ਅਣਗੌਲੇ ਕੀਤੇ ਗਏ ਹਨ। ਉਹ ਆਪਣੇ ਏਰੀਆ ਦੇ ਵੋਟਰਾਂ ਨੂੰ ਪੁੱਛਦਾ ਹੈ ਕਿ ਤੁਹਾਡੀਆਂ ਲੋੜਾਂ ਕੀ ਹਨ ਜੋ ਉਹ ਇੱਕ ਸਿਟੀ ਕੌਂਸਲਰ ਹੁੰਦਿਆਂ ਪੂਰੀਆਂ ਕਰਨ ਦੀ ਕੋਸਿਸ ਕਰੇਗਾ । ਉਹ ਆਪਣਾ ਚੋਣ ਮੈਨੀਫੇਸਟੋ ਸਾਂਝਾ ਕਰਦਾ ਹੈ। ਕਦੀ ਉਹ ਹੋਰ ਦੂਸਰੇ ਭਾਈਚਾਰਿਆਂ ਦੇ ਵੱਡੇ ਸਮੂਹਾਂ ਨਾਲ ਮਿਲਣੀਆਂ ਜ਼ਰੀਏ ਵੋਟ ਬੈਂਕ ਨੂੰ ਆਪਣੇ ਹੱਕ ਵਿੱਚ ਕਰਨ ਦੇ ਉਪਰਾਲੇ ਵਿੱਚ ਮਗਨ ਦਿਖਾਈ ਦਿੰਦਾ ਹੈ। ਬੀਤੇ ਦਿਨੀ ਕੈਲਗਰੀ ਸਹਿਰ ਦੀ ਪੁਰਾਣੀ ਸੰਸਥਾ ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਦੇ ਮੈਂਬਰਾਂ ਨਾਲ ਮਿਲਣੀ ਦਾ ਪ੍ਰੋਗਰਾਮ ਬਜ਼ੁਰਗ ਮੈਂਬਰਾਂ ਦੀ ਭਰਵੀ ਹਾਜਰੀ ਨਾਲ ਦਿਖਾਈ ਦਿੱਤਾ । ਇਸ ਮੌਕੇ ਸਮੂਹ ਮੈਂਬਰਾਂ ਨੇ ਰੌਸਨ ਚੁੰਬਰ ਨੂੰ ਵੋਟ ਦੇਣ ਦਾ ਵਾਅਦਾ ਕਰਦਿਆਂ ਉਸਨੂੰ ਵਾਰਡ 10 ਤੋਂ ਅਗਲੇ ਕੌਂਸਲਰ ਵੱਜੋਂ ਦੇਖਣ ਦੀ ਦਿਲੀ ਇੱਛਾ ਜਾਹਿਰ ਕੀਤੀ।

# ਗੈਰਾਜ ਖੁੱਲਾ ਹੋਣ ਕਾਰਣ ਕਾਲਾ ਰਿੱਛ ਉਹਨਾਂ ਦੇ ਕਮਰੇ ਅੰਦਰ ਆ ਵੜਿਆ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਫੋਰਟ ਮੈਕਮਰਿ ਦੀ ਏਕਰੇਜ ਪ੍ਰੌਪਰਟੀ ਵਿੱਚ ਰਹਿੰਦਾ ਇੱਕ ਪਰਿਵਾਰ ਉਸ ਸਮੇਂ ਹੱਕਾ ਬੱਕਾ ਰਹਿ ਗਿਆ ਜਦੋਂ ਇੱਕ ਕਾਲਾ ਰਿੱਛ ਉਹਨਾਂ ਦੇ ਕਮਰੇ ਵਿੱਚ ਆ ਵੜਿਆ। ਸੀਨ ਰੈਡੀ ਨਾਮ ਦੇ ਵਿਅਕਤੀ ਨੇ ਦੱਸਿਆ ਕਿ ਉਹ ਆਪਣੇ 4 ਬੱਚਿਆਂ ਨਾਲ ਘਰ ਦੇ ਅੰਦਰ ਸੀ ਤੇ ਉਹਨਾਂ ਦਾ ਗੈਰਾਜ ਖੁੱਲ੍ਹਾ ਸੀ। ਇਹ ਰਿੱਛ ਪਹਿਲਾਂ ਗੈਰਾਜ ਵਿੱਚ ਵੜਿਆ ਤੇ ਮਗਰੋਂ ਘਰ ਦੀ ਦੂਜੀ ਸਾਇਡ 'ਤੇ ਖਿੜਕੀ 'ਤੇ ਲੱਗੀ ਜਾਲੀ ਪੁੱਟ ਕੇ ਅੰਦਰ ਜਾ ਦਾਖ਼ਲ ਹੋਇਆ ਤੇ ਤੋੜ ਫੋੜ ਕਰਨ ਲੱਗ ਪਿਆ। ਸਾਰਿਆਂ ਨੇ ਰਲ ਕੇ ਫ਼ਰਨੀਚਰ ਇਕੱਠਾ ਕਰ ਕੇ ਉਸ ਦਾ ਰਸਤਾ ਰੋਕਿਆ ਤੇ ਰਿੱਛ ਨੂੰ ਉਸੇ ਕਮਰੇ ਵਿੱਚ ਭੇਜਣ ਵਿੱਚ ਕਾਮਯਾਬ ਰਹੇ ਜਿਸ ਰਾਹੀਂ ਉਹ ਦਾਖ਼ਲ ਹੋਇਆ ਸੀ। ਲਗਪਗ 300 ਕਿਲੋਗ੍ਰਾਮ ਵਜ਼ਨੀ ਇਹ ਰਿੱਛ ਗੁੱਸੇ ਵਿੱਚ ਨਹੀਂ ਸੀ ਤੇ ਖਾਣ ਪੀਣ ਲਈ ਸਮਾਨ ਲੱਭਦਾ ਅੰਦਰ ਦਾਖ਼ਲ ਹੋ ਗਿਆ ਸੀ। ਉਹ ਬਾਹਰ ਤਾਂ ਚਲਿਆ ਗਿਆ ਪਰ ਪਰਿਵਾਰ ਸਹਿਮ ਹੇਠ ਹੈ। ਐਲਬਰਟਾ ਫਿਸ਼ ਐਂਡ ਵਾਇਲਡ-ਲਾਇਫ਼ ਵਾਲਿਆਂ ਨੇ ਉਸ ਦੇ ਘਰ ਦੇ ਬਾਹਰ ਬਿਅਰ ਟ੍ਰੈਪ ਲਗਾ ਦਿੱਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਜਕਲ ਰਿੱਛ ਘੱਟ ਗੁੱਸੇ ਵਿੱਚ ਹੁੰਦੇ ਹਨ ਤੇ ਰੱਜੇ-ਭਾਰੇ ਹੋ ਕੇ ਭੋਜਨ ਦੀ ਆਖ਼ਰੀ ਭਾਲ ਵਿੱਚ ਹਨ ਤੇ ਲੁਕਣ ਦੀ ਤਿਆਰੀ ਕਰ ਰਹੇ ਹਨ।

# ਕਰੋਨਾ ਟੀਕੇ ਨਾ ਲਗਵਾਉਣ ਦੀ ਅੜੀ ਨੇ ਆਪਣੇ ਹੀ ਪਰਿਵਾਰ ਦਾ ਇੱਕ ਬਜ਼ੁਰਗ ਮੌਤ ਦੇ ਦਰ ਜਾ ਖੜਾ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੋ ਵਾਰ ਫੇਫੜੇ ਬਦਲਵਾ ਚੁੱਕੇ ਤੇ ਦੋ ਵਾਰ ਜੀਵਨ ਦੀ ਜੰਗ ਜਿੱਤ ਚੁੱਕੇ ਸਿਲਵਨ ਲੇਕ ਨਿਵਾਸੀ 63 ਸਾਲਾ ਡੈਰਿਲ ਜ਼ਾਇ ਨਾਮ ਦਾ ਵਿਅਕਤੀ ਤੀਜੀ ਵਾਰ ਜੀਵਨ-ਮੌਤ ਦੀ ਲੜਾਈ ਲੜ ਰਿਹਾ ਹੈ। ਹੁਣ ਉਸ ਨੂੰ ਕੋਰੋਨਾ ਵਾਇਰਸ ਨੇ ਘੇਰ ਲਿਆ ਹੈ। ਉਹਨਾਂ ਦੇ ਪਰਿਵਾਰ ਵਿੱਚ ਕੋਵਿਡ-19 ਵੈਕਸਿਨ ਹਾਸਲ ਕਰਨ ਜਾਂ ਨਾ ਲਗਵਾਉਣ ਦੀ ਲੜਾਈ ਚੱਲ ਰਹੀ ਹੈ ਤੇ ਘਰ ਦੇ ਕਈ ਮੈਂਬਰਾਂ ਨੇ ਵੈਕਸਿਨ ਨਹੀਂ ਲਗਵਾਈ ਹੈ। ਡੈਰਿਲ ਜ਼ਾਇ ਤੇ ਉਸ ਦੀ ਪਤਨੀ ਨੇ ਵੈਕਸਿਨ ਲਗਵਾਈ ਹੋਈ ਹੈ ਪਰ ਸਾਰਿਆਂ ਦੀ ਇੱਕ ਰਾਇ ਨਾ ਹੋਣ ਕਰਕੇ ਅਤੇ ਸਾਰਿਆਂ ਨੂੰ ਵੈਕਸਿਨ ਨਾ ਲੱਗੀ ਹੋਣ ਕਰਕੇ ਵਾਇਰਸ ਉਹਨਾਂ ਦੇ ਘਰ ਆ ਵੜਿਆ ਤੇ ਇਸ ਵਿਅਕਤੀ ਨੂੰ ਲਪੇਟ ਵਿੱਚ ਲੈ ਲਿਆ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਜਿਹਨਾਂ ਵਿਅਕਤੀਆਂ ਦੇ ਟ੍ਰਾਂਸਪਲਾਂਟ ਸਰਜਰੀਆਂ ਹੋਈਆਂ ਹਨ, ਉਹਨਾਂ ਨੂੰ ਹਰ ਹਾਲ ਇਹ ਵੈਸਕਿਨ ਲੈਣੀ ਜ਼ਰੂਰੀ ਹੈ। ਹੁਣ ਡੈਰਿਲ ਨੇ ਵੀ ਆਪਣੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਵੈਕਸਿਨ ਲੈਣ ਨੂੰ ਕਿਹਾ ਹੈ। ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ ਤੇ ਇਲਾਜ ਕੀਤਾ ਜਾ ਰਿਹਾ ਹੈ।




# ਵੈਕਸੀਨ ਸਬੂਤ ਨਾ ਵਿਖਾਉਣ ਅਤੇ ਸਟਾਫ ਨਾਲ ਦੁਰਵਿਹਾਰ ਕਰਨ ਵਾਲਿਆਂ ਨੂੰ ਹੁਣ ਚਾਰ ਹਜਾਰ ਡਾਲਰ ਜੁਰਮਾਨਾ ਹੋ ਸਕਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਐਲਾਨ ਕੀਤਾ ਹੈ ਕਿ ਜਿਹੜੇ ਵਪਾਰਕ ਅਦਾਰਿਆਂ ਨੇ ਸੂਬੇ ਦੇ ਰੈਸਟ੍ਰਿਕਸ਼ਨਜ਼ ਐਗਜ਼ੈਂਪਸ਼ਨ ਪ੍ਰੋਗਰਾਮ - ਆਰ.ਈ.ਪੀ. ਵਿੱਚ ਹਿੱਸਾ ਲਿਆ ਹੈ, ਉਹਨਾਂ ਵਾਸਤੇ ਸਰਕਾਰ ਵੱਲੋਂ ਸਹਾਇਤਾ ਦਿੱਤੀ ਜਾਵੇਗੀ। ਜਿਹਨਾਂ ਸਮੌਲ ਐਂਡ ਮੀਡੀਅਮ ਸਾਇਜ਼ਡ ਬਿਜ਼ਨਸਾਂ ਨੇ ਇਹ ਰੈਸਟ੍ਰਿਕਸ਼ਨਜ਼ ਐਗਜ਼ੈਂਪਸ਼ਨ ਪ੍ਰੋਗਰਾਮ ਲਾਗੂ ਕੀਤਾ ਹੈ, ਉਹਨਾਂ ਨੂੰ 2000 ਡਾਲਰ ਦੀ ਰਕਮ ਇੰਪਲਿਮੈਂਟੇਸ਼ਨ ਗ੍ਰਾਂਟ ਵੱਜੋਂ ਜਾਰੀ ਕੀਤੀ ਜਾਵੇਗੀ। ਕੈਨੀ ਨੇ ਕਿਹਾ ਕਿ ਕਾਨੂੰਨ ਬਣਾ ਕੇ ਉਹਨਾਂ ਅਦਾਰਿਆਂ ਨੂੰ ਅਦਾਲਤੀ ਕਾਰਵਾਈ ਤੋਂ ਬਚਾਇਆ ਜਾਵੇਗਾ ਜਿਹਨਾਂ ਨੇ ਇਹ ਪ੍ਰੋਗਰਾਮ ਲਾਗੂ ਕੀਤਾ ਅਤੇ ਉਹਨਾਂ ਵਿਰੁਧ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਹੈ ਜਾਂ ਕੀਤੀ ਜਾ ਸਕਦੀ ਹੈ। ਵੈਕਸਿਨ ਸਬੂਤ ਮੰਗਣ ਵਾਲੇ ਕਰਮਚਾਰੀਆਂ ਨਾਲ ਦੁਰਵਿਹਾਰ ਕਰਨ ਵਾਲੇ ਵਿਅਕਤੀਆਂ ਵਿਰੁੱਧ ਲੱਗਣ ਵਾਲਾ ਜੁਰਮਾਨਾ 2 ਹਜ਼ਾਰ ਡਾਲਰ ਤੋਂ ਵਧਾ ਕੇ 4 ਹਜ਼ਾਰ ਡਾਲਰ ਕੀਤਾ ਗਿਆ ਹੈ। ਸੂਬੇ ਦੇ ਜੌਬਜ਼ ਮਨਿਸਟਰ ਡਗ ਸ਼ਵਾਇਟਜ਼ਰ ਨੇ ਦੱਸਿਆ ਕਿ ਬਿਜ਼ਨਸਾਂ ਨੂੰ ਮਿਲਣ ਵਾਲੀ 2000 ਡਾਲਰ ਦੀ ਗ੍ਰਾਂਟ 4 ਤੋਂ 6 ਹਫ਼ਤਿਆਂ ਵਿੱਚ ਮਿਲਣ ਲੱਗੇਗੀ। ਉਹਨਾਂ ਦੱਸਿਆ ਕਿ ਰੈਸਟ੍ਰਿਕਸ਼ਨਜ਼ ਐਗਜ਼ੈਂਪਸ਼ਨ ਪ੍ਰੋਗਰਾਮ ਲਾਗੂ ਕਰਨ ਸੰਬੰਧੀ ਸਟਾਫ਼ ਨੂੰ ਟ੍ਰੇਨਿੰਗ ਦੇਣ ਵਾਸਤੇ 10 ਲੱਖ ਡਾਲਰਾਂ ਦੀ ਵਾਧੂ ਰਕਮ ਰਾਖਵੀਂ ਰੱਖੀ ਜਾ ਰਹੀ ਹੈ। ਪ੍ਰੀਮੀਅਰ ਕੈਨੀ ਨੇ ਲੋਕਾਂ ਨੂੰ ਇਕੱਠਾਂ ਸੰਬੰਧੀ ਜਾਰੀ ਹਿਦਾਇਤਾਂ ਦਾ ਪੂਰਾ ਪਾਲਣ ਕਰਨ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਥੈਂਕਸ-ਗਿਵਿੰਗ ਦਿਹਾੜੇ ਮੌਕੇ ਪਿਛਲੇ ਸਾਲ ਹੋਏ ਪਰਿਵਾਰਕ ਇਕੱਠਾਂ ਵਿੱਚ ਕੋਵਿਡ-19 ਕੇਸਾਂ ਵਿੱਚ ਤੇਜ਼ੀ ਆ ਗਈ ਸੀ ਤੇ ਇਸ ਸਾਲ ਅਜਿਹਾ ਨਹੀਂ ਹੋਣਾ ਚਾਹੀਦਾ।




# ਚੰਗੇ ਕੰਮਾਂ ਬਦਲੇ ਅਲਬਰਟਾ ਸਰਕਾਰ 8 ਵਿਅਕਤੀਆਂ ਦਾ ਸਨਮਾਨ ਕਰੇਗੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਜੇਸਨ ਕੈਨੀ ਸਰਕਾਰ ਨੇ ਸੂਬੇ ਦੇ 8 ਵਿਅਕਤੀਆਂ ਨੂੰ ਸਭ ਤੋਂ ਵੱਡਾ ਸੂਬਾਈ ਸਨਮਾਨ ਦੇਣ ਦਾ ਐਲਾਨ ਕੀਤਾ ਹੈ। ਇਹਨਾਂ ਵਿੱਚੋਂ 4 ਕੈਲਗਰੀ ਤੋਂ ਹਨ। ਸਰਕਾਰੀ ਐਲਾਨ ਅਨੁਸਾਰ ਇਹਨਾਂ 8 ਵਿਅਕਤੀਆਂ ਨੂੰ ਉਹਨਾਂ ਦੇ ਸ਼ਾਨਦਾਰ ਕੰਮ ਬਦਲੇ ਐਲਬਰਟਾ ਔਰਡਰ ਔਫ਼ ਐਕਸਿਲੈਂਸ ਵਿੱਚ ਸ਼ਾਮਿਲ ਕੀਤਾ ਜਾ ਰਹਾ ਹੈ। ਹੁਣ ਤੱਕ 197 ਸੂਬਾ ਵਾਸੀਆਂ ਨੂੰ ਇਹ ਸਨਮਾਨ ਮਿਲ ਚੁੱਕਿਆ ਹੈ। ਕੈਲਗਰੀ ਤੋਂ ਮਰੇ ਮੈਕੈਨ, ਮਰਲ ਔਲਸਨ, ਬਾਰਬਰਾ ਔਲਸਨ ਅਤੇ ਡਾ. ਗ੍ਰੈਗ ਪੌਵੈੱਲ ਦੀ ਚੋਣ ਇਸ ਸਨਮਾਨ ਵਾਸਤੇ ਕੀਤੀ ਗਈ ਹੈ। ਇਹਨਾਂ ਤੋਂ ਇਲਾਵਾ ਲੈਥਬਰਿਜ ਤੋਂ ਕੋਰੀ ਵੈਨ ਰਾਇ, ਬਲੱਡ ਰਿਜ਼ਰਵ ਤੋਂ ਮੂਲ ਨਿਵਾਸੀ ਲੇਨਾ ਹੈਵੀ ਸ਼ੀਲਡਜ਼ ਰੱਸੈਲ, ਰੈਡ ਡੀਅਰ ਤੋਂ ਜੋਨ ਡੌਨੈਲਡ ਅਤੇ ਐਡਮੰਟਨ ਤੋਂ ਸਿਰਿਲ ਕੇਅ ਦੇ ਨਾਮ ਇਸ ਸਨਮਾਨ ਵਾਸਤੇ ਐਲਾਨ ਕੀਤੇ ਗਏ ਹਨ।

# ਕਈ ਆਪੇ ਬਣੇ ਵੈਦ ਜਾਨਵਰਾਂ ਦੇ ਪੇਟ ਦੇ ਕੀੜੇ ਮਾਰਨ ਵਾਲੀ ਦਵਾਈ ਨਾਲ ਕਰੋਨਾ ਦਾ ਇਲਾਜ ਕਰਦੇ ਕਰਦੇ ਹਸਪਤਾਲ ਜਾ ਪੁੱਜੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਿਨਾ ਡਾਕਟਰੀ ਸਲਾਹ ਹਾਸਲ ਕੀਤਿਆਂ ਜਾਨਵਰਾਂ ਨੂੰ ਦਿੱਤੀ ਜਾਣ ਵਾਲੀ ਦਵਾਈ ਦੀ ਵਰਤੋਂ ਕੋਵਿਡ-19 ਦੇ ਇਲਾਜ ਵਿੱਚ ਕਰਨ ਕਰਕੇ ਕਈ ਲੋਕਾਂ ਨੂੰ ਹਸਪਤਾਲਾਂ ਵਿੱਚ ਦਾਖ਼ਲ ਕਰਾਇਆ ਗਿਆ ਹੈ ਤੇ ਸੂਬੇ ਦੀ ਪੌਇਜ਼ਨ ਹੌਟਲਾਇਨ 'ਤੇ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਸੰਪਰਕ ਕੀਤਾ ਜਾ ਰਿਹਾ ਹੈ। ਐਲਬਰਟਾ ਹੈਲਥ ਸਰਵਿਸਿਜ਼ ਦੇ ਪੌਇਜ਼ਨ ਐਂਡ ਡ੍ਰਗ ਇਨਫੌਰਮੇਸ਼ਨ ਸਰਵਿਸ - ਪੀ.ਏ.ਡੀ.ਆਇ.ਐਸ. ਦੇ ਮੈਡਿਕਲ ਡਾਇਰੈਕਟਰ ਡਾ. ਮਾਰਕ ਯਾਰੇਮਾ ਦਾ ਕਹਿਣਾ ਹੈ ਕਿ ਜਾਨਵਰਾਂ ਦੇ ਪੇਟ ਦੇ ਕੀੜੇ ਖ਼ਤਮ ਕਰਨ ਵਾਸਤੇ ਬਣਾਈ ਗਈ ਦਵਾਈ ਨੂੰ ਕਈ ਲੋਕ ਵਰਤ ਰਹੇ ਹਨ ਤੇ ਇਹ ਮਨੁੱਖਾਂ ਵਾਸਤੇ ਖ਼ਤਰਨਾਕ ਹੋ ਸਕਦੀ ਹੈ। ਇਸ ਸਾਲ 22 ਮਾਮਲੇ ਸਾਹਮਣੇ ਆਏ ਹਨ ਜਿਹਨਾਂ ਵਿੱਚ ਇਹ ਦਵਾਈ ਮਨੁੱਖਾਂ 'ਤੇ ਵਰਤ ਲਈ ਗਈ ਹੈ ਤੇ ਪਿਛਲੇ ਮਹੀਨੇ 13 ਅਜਿਹੇ ਮਾਮਲੇ ਦਰਜ ਕੀਤੇ ਗਏ ਹਨ। ਡਾ. ਯਾਰੇਮਾ ਨੇ ਕਿਹਾ ਕਿ ਕੋਵਿਡ-19 ਦੇ ਇਲਾਜ ਲਈ ਕੋਈ ਦਵਾਈ ਨਹੀਂ ਹੈ ਤੇ ਬਚਾਅ ਵਾਸਤੇ ਸਿਰਫ਼ ਵੈਕਸਿਨ ਲਗਾਈ ਜਾ ਰਹੀ ਹੈ ਤੇ ਜਾਨਵਰਾਂ ਦੀ ਦਵਾਈ ਮਾਰੂ ਹੋ ਸਕਦੀ ਹੈ ਇਸ ਲਈ ਬਿਨਾ ਡਾਕਟਰੀ ਸਲਾਹ ਕੋਈ ਦਵਾਈ ਨਹੀਂ ਲਈ ਜਾਣੀ ਚਾਹੀਦੀ।




# ਕੋਵਿਡ ਵੈਕਸੀਨ ਨਾ ਲਗਵਾਉਣ ਕਾਰਣ ਮੌਤ ਦੇ ਮੂੰਹ ਜਾ ਪਈ ਗਰਭਵਤੀ ਔਰਤ ਦੀ ਭੈਣ ਵੱਲੋਂ ਟੀਕਾ ਲਗਵਾਉਣ ਸਬੰਧੀ ਬੇਨਤੀ ਕੀਤੀ ਗਈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮੰਟਨ ਵਿੱਚ ਗਰਭਵਤੀ ਔਰਤ ਦੀ ਕਰੋਨਾਂ ਕਾਰਣ ਹੋਈ ਮੌਤ ਨੇ ਉਹਨਾਂ ਸਨਸਨੀਖੇਜ ਖ਼ਬਰਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਹੈ ਜਿਹੜੀਆਂ ਕੋਵਿਡ ਤੋਂ ਬਚਣ ਲਈ ਟੀਕਾ ਨਾ ਲਗਵਾਉਣ ਕਾਰਣ ਹੋਈਆਂ ਮੌਤਾਂ ਸਬੰਧੀ ਹੁੰਦੀਆਂ ਹਨ। ਇਹਨੀ ਦਿਨੀ ਥੈਂਕਸਗਿਵਿੰਗ ਦਿਨਾਂ ਦੌਰਾਨ ਅਕਸਰ ਹੀ ਛੁੱਟੀ ਬਿਤਾਉਣ ਆਪਣੀ ਭੈਣ ਕੋਲ ਆਉਂਦੀ ਕਾਰਲ ਚਾਰਲਸ ਬਹੁਤ ਉਦਾਸ ਹੈ ਕਿਉਂਕਿ ਉਸਦੀ ਭੈਣ ਹੁਣ ਇਸ ਜਹਾਨ ਵਿੱਚ ਨਹੀਂ ਹੈ ਅਤੇ ਉਹ ਕੋਵਿਡ ਕਾਰਣ ਮੌਤ ਦੇ ਮੂੰਹ ਜਾ ਪਈ ਹੈ। ਜ਼ਜਬਾਤੀ ਹੋਈ ਆਪਣੀ ਮ੍ਰਿਤਕ ਭੈਣ ਬਾਰੇ ਗੱਲਾਂ ਕਰਦੀ ਉਹ ਕਹਿੰਦੀ ਹੈ ਕਿ ਜੇਕਰ ਉਸ ਨੇ ਕੋਵਿਡ ਵੈਕਸੀਨ ਲਗਵਾਈ ਹੁੰਦੀ ਤਾਂ ਅੱਜ ਉਹ ਮੇਰੇ ਅਤੇ ਆਪਣੇ ਬੱਚਿਆਂ ਕੋਲ ਹੋਣੀ ਸੀ । ਉਹ 29 ਹਫਤਿਆਂ ਦੀ ਗਰਭਵਤੀ ਸੀ ਜਦੋਂ ਉਹ ਕੋਵਿਡ - 19 ਦੇ ਡੈਲਟਾ ਵੇਰੀਐਂਟ ਦੀ ਮਾਰ ਵਿੱਚ ਆ ਗਈ ਅਤੇ ਮੌਤ ਦੇ ਮੂੰਹ ਜਾ ਪਈ । ਚਾਰਲਸ ਅਨੁਸਾਰ ਉਸਨੇ ਪਿਛਲੇ ਸਮੇਂ ਦੌਰਾਨ ਆਪਣੀ ਭੈਣ ਨਾਲ ਟੀਕਾਕਰਣ ਸਬੰਧੀ ਗੱਲਬਾਤ ਵੀ ਕੀਤੀ ਸੀ । ਉਸਦੀ ਭੈਣ ਨੇ ਟੀਕਾ ਲਗਵਾਉਣ ਦਾ ਵਿਰੋਧ ਕਰਨ ਵਾਲੀ ਵੀ ਕੋਈ ਗੱਲਬਾਤ ਉਸ ਸਮੇਂ ਉਸ ਨਾਲ ਸਾਂਝੀ ਨਹੀਂ ਕੀਤੀ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਉਸਦੀ ਭੈਣ ਨੇ ਇਹ ਟੀਕਾ ਲਗਵਾਇਆ ਹੀ ਨਹੀਂ। ਪਰ ਹੁਣ ਤਾਂ ਸਮਾਂ ਬੀਤ ਚੁੱਕਾ ਹੈ ,ਉਸ ਦੀ ਭੈਣ ਤਾਂ ਉਸ ਨੂੰ ਵਾਪਿਸ ਨਹੀਂ ਮਿਲ ਸਕਦੀ ਪਰ ਇਸ ਘਟਨਾ ਉਪਰੰਤ ਮੈਂ ਹੋਰਨਾਂ ਮਾਵਾਂ ਭੈਣਾਂ ਨੂੰ ਬੇਨਤੀ ਕਰਦੀ ਹਾਂ ਖਾਸ ਕਰਕੇ ਜਿਹੜੀਆਂ ਆਉਣ ਵਾਲੇ ਦਿਨੀ ਬੱਚੇ ਨੂੰ ਜਨਮ ਦੇਣ ਦੀ ਹਾਲਾਤ ਵਿੱਚ ਹਨ ਉਹਨਾਂ ਨੂੰ ਬਿਨਾ ਕੋਈ ਦੇਰ ਕੀਤਿਆਂ ਕੋਵਿਡ ਤੋਂ ਬਚਾਓ ਲਈ ਟੀਕਾ ਜਰੂਰ ਲਗਵਾ ਲੈਣਾ ਚਾਹੀਦਾ ਹੈ ਤਾਂ ਕਿ ਤੁਹਾਡੇ ਪਰਿਵਾਰ, ਤੁਹਾਡੇ ਬੱਚੇ ਅਤੇ ਤੁਹਾਡੀ ਖੁਦ ਦੀ ਕਿਸੇ ਹਾਲਾਤ ਤੱਕ ਸੁਰੱਖਿਆ ਹੋ ਸਕੇ ।

# ਕੈਨੀ ਦੀ ਲੀਡਰਸ਼ਿੱਪ ਵਾਲਾ ਰੀਵਿਊ ਅਗਲੇ ਸਾਲ ਅਪ੍ਰੈਲ ਦੇ ਪਹਿਲੇ ਹਫਤੇ ਹੋ ਸਕਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਨਾਲ ਸੰਬੰਧਿਤ 10 ਕੌਂਸਟਿਚੁਐਂਸੀ ਐਸੋਸਿਏਸ਼ਨਜ਼ ਨੇ ਮੋਸ਼ਨ ਪਾਸ ਕਰਕੇ ਅਗਲੇ ਸਾਲ 8 ਅਤੇ 9 ਅਪ੍ਰੈਲ ਨੂੰ ਹੋਣ ਵਾਲੇ ਪਾਰਟੀ ਲੀਡਰਸ਼ਿਪ ਰਿਵਿਊ ਨੂੰ ਪਹਿਲੀ ਮਾਰਚ ਤੋਂ ਪਹਿਲਾਂ ਪਹਿਲਾਂ ਕਰਵਾਏ ਜਾਣ ਨੂੰ ਕਿਹਾ ਹੈ। ਇਹ ਮੋਸ਼ਨ ਪਿਛਲੇ ਕਈ ਹਫ਼ਤਿਆਂ ਤੋਂ ਵੱਖ ਵੱਖ ਰਾਇਡਿੰਗ ਐਸੋਸਿਏਸ਼ਨਜ਼ ਵਿੱਚ ਘੁੰਮ ਰਿਹਾ ਹੈ। ਜੇਕਰ ਘੱਟੋ ਘੱਟ 22 ਰਾਇਡਿੰਗ ਐਸੋਸਿਏਸ਼ਨਾਂ ਇਹ ਮੋਸ਼ਨ ਪਾਸ ਕਰਦੀਆਂ ਹਨ ਤਾਂ ਹੀ ਪਾਰਟੀ ਵੱਲੋਂ ਇਸ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ। ਕੁੱਝ ਰਾਇਡਿੰਗ ਐਸੋਸਿਏਸ਼ਨਾਂ ਤਾਂ ਇਹ ਲੀਡਰਸ਼ਿਪ ਰਿਵਿਊ ਇਸੇ ਸਾਲ ਦਸੰਬਰ ਵਿੱਚ ਕਰਵਾਉਣਾ ਚਾਹੁੰਦੀਆਂ ਹਨ। ਪਾਰਟੀ ਦੇ ਕਮਿਉਨਿਕੇਸ਼ਨਜ਼ ਡਾਇਰੈਕਟਰ ਡੇਵਿਡ ਪ੍ਰਿਸਕੋ ਦਾ ਕਹਿਣਾ ਹੈ ਕਿ ਅਪ੍ਰੈਲ ਵਿੱਚ ਹੋਣ ਵਾਲੇ ਰਿਵਿਊ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ ਤੇ ਬੁਕਿੰਗਾਂ ਆਦਿ ਕਰਵਾ ਲਈਆਂ ਗਈਆਂ ਹਨ।



# ਮਨੁੱਖੀ ਤਸਕਰੀ ਦਾ ਸ਼ਿਕਾਰ ਹੋਣ ਵਾਲੇ ਵਿਅਕਤੀਆਂ ਲਈ ਉਹਨਾਂ ਵਿੱਚ ਆਤਮ ਵਿਸ਼ਵਾਸ, ਸਵੈ ਭਰੋਸਾ ਪੈਦਾ ਕਰਨ ਉਪਰਾਲੇ ਕੀਤੇ ਜਾਣਗੇ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਲੌਅ ਐਨਫੋਰਸਮੈਂਟ ਰੈਸਪੌਂਸ ਟੀਮਜ਼ ਦੇ ਹਿਉਮਨ ਟ੍ਰੈਫਿਕਿੰਗ ਯੂਨਿਟਸ ਵੱਲੋਂ ਲਿਆਂਦੇ ਗਏ ਸੱਪੋਰਟ ਪ੍ਰੋਗਰੈਮ ਤਹਿਤ ਹਿਉਮਨ ਟ੍ਰੈਫਿਕਿੰਗ ਦਾ ਸ਼ਿਕਾਰ ਹੋਣ ਵਾਲੇ ਵਿਅਕਤੀਆਂ ਲਈ ਸਹਾਇਤਾ ਦੇਣ ਦਾ ਪ੍ਰੋਗਰੈਮ ਉਲੀਕਿਆ ਗਿਆ ਹੈ। ਐਡਮੰਟਨ ਅਤੇ ਕੈਲਗਰੀ ਵਿੱਚ ਸੇਫ਼ਟੀ ਨੈਟਵਰਕ ਕੋ-ਔਰਡਿਨੇਟਰਜ਼ ਨੂੰ ਹਿਉਮਨ ਟ੍ਰੈਫਿਕਿੰਗ ਯੂਨਿਟਸ ਵਿੱਚ ਸ਼ਾਮਿਲ ਕੀਤਾ ਜਾ ਰਿਹਾ ਹੈ। ਇਹ ਸਿਵਿਲੀਅਨ ਪੁਜ਼ਿਸ਼ਨਜ਼ ਹੋਣਗੀਆਂ ਅਤੇ ਮਨੁੱਖੀ ਤਸਕਰੀ ਦਾ ਸ਼ਿਕਾਰ ਹੋਣ ਵਾਲੇ ਵਿਅਕਤੀਆਂ ਲਈ ਉਹਨਾਂ ਵਿੱਚ ਆਤਮ ਵਿਸ਼ਵਾਸ, ਸਵੈ ਭਰੋਸਾ ਪੈਦਾ ਕਰਨ ਅਤੇ ਸਮਾਜ ਵਿੱਚ ਬਿਹਤਰ ਸੰਬੰਧ ਬਣਾ ਸਕਣ ਲਈ ਕੰਮ ਕੀਤਾ ਜਾਵੇਗਾ। ਹੁਣ ਤੱਕ ਇਸ ਤਰ੍ਹਾਂ ਸਾਹਮਣੇ ਆਉਣ ਵਾਲੇ ਇਹਨਾਂ ਵਿਅਕਤੀਆਂ ਵਾਸਤੇ ਕੋਈ ਸਹਾਇਤਾ ਪ੍ਰੋਗਰੈਮ ਨਹੀਂ ਸੀ। ਹੁਣ ਤੱਕ 17 ਵਿਅਕਤੀਆਂ ਨੂੰ ਇਸ ਨਵੇਂ ਪ੍ਰੋਗਰੈਮ ਤਹਿਤ ਸਹਾਇਤਾ ਦਿੱਤੀ ਗਈ ਹੈ।




# ਸਿਟੀ ਆਫ ਕੈਲਗਰੀ ਦੇ ਸਾਰੇ ਕਰਮਚਾਰੀਆਂ ਲਈ ਪਹਿਲੀ ਨਵੰਬਰ ਤੋਂ ਬਾਦ ਵੈਕਸੀਨ ਲਾਜਿਮੀ ਕਰ ਦਿੱਤੀ ਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਔਫ਼ ਕੈਲਗਰੀ ਨੇ ਆਪਣੇ ਸਾਰੇ ਕਰਮਚਾਰੀਆਂ ਵਾਸਤੇ ਕੋਵਿਡ-19 ਵੈਕਸਿਨ ਲਾਜ਼ਿਮੀ ਕਰਦਿਆਂ ਪਹਿਲੀ ਨਵੰਬਰ ਤੱਕ ਇਸ ਦਾ ਸਬੂਤ ਦੇਣ ਨੂੰ ਕਹਿ ਦਿੱਤਾ ਹੈ। ਸਿਟੀ ਨਾਲ ਕੰਮ ਕਰਨ ਵਾਲੇ ਹਰੇਕ ਕਰਮਚਾਰੀ ਨੂੰ ਇਹ ਸਬੂਤ ਦਿਖਾਉਣਾ ਪਵੇਗਾ ਪਰ ਕੌਂਟ੍ਰੈਕਟਰਜ਼ ਅਤੇ ਵਲੰਟੀਅਰਜ਼ ਵਾਸਤੇ ਪੌਲਿਸੀ ਬਣਾਈ ਜਾ ਰਹੀ ਹੈ। ਜਿਹੜੇ ਸਿਟੀ ਕਰਮਚਾਰੀਆਂ ਨੂੰ ਐਲਬਰਟਾ ਹਿਉਮਨ ਰਾਇਟਸ ਐਕਟ ਤਹਿਤ ਵੈਕਸਿਨ ਨਾ ਲੈਣ ਦੀ ਛੋਟ ਹੋਵੇਗੀ ਉਹਨਾਂ ਲਈ ਰੈਪਿਡ ਟੈਸਟ ਦਾ ਬੰਦੋਬਸਤ ਕੀਤਾ ਜਾਵੇਗਾ। ਉਹਨਾਂ ਲਈ ਐਟ-ਹੋਮ ਟੈਸਟਿੰਗ ਕਿਟਸ ਮੁਫ਼ਤ ਵਿੱਚ ਦਿੱਤੀਆਂ ਜਾਣਗੀਆਂ। ਵੈਕਸਿਨ ਨਾ ਲੈਣ ਵਾਲੇ ਸਿਟੀ ਕਰਮਚਾਰੀਆਂ ਨੂੰ ਪਹਿਲੀ ਦਸੰਬਰ ਤੱਕ ਵੈਕਸਿਨ ਲੈਣ ਦਾ ਇੱਕ ਮੌਕਾ ਦਿੱਤਾ ਜਾਵੇਗਾ ਅਤੇ ਇਸ ਦੌਰਾਨ ਉਹਨਾਂ ਨੂੰ ਔਨਲਾਇਨ ਲਾਜ਼ਿਮ ਔਨਲਾਇਨ ਐਜੁਕੇਸ਼ਨ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਪਵੇਗਾ। ਉਸ ਤੋਂ ਬਾਦ ਵੈਕਸਿਨੇਸ਼ਨ ਨਾ ਲੈਣ ਵਾਲਿਆਂ ਨੂੰ ਆਪਣੇ ਖ਼ਰਚੇ 'ਤੇ ਟੈਸਟਿੰਗ ਕਿਟਸ ਖ਼ਰੀਦਣ ਨੂੰ ਕਿਹਾ ਜਾਵੇਗਾ। ਉਹਨਾਂ ਖਿਲਾਫ਼ ਅਨੁਸ਼ਾਸਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।
















## ਸੰਪਾਦਕੀ



ਇਨਸਾਨ ਦੀ ਫਿਤਰਤ ਹੀ ਅਜਿਹੀ ਹੈ ਕਿ ਉਹ ਕਿਸੇ ਵੀ ਚੀਜ਼ ਦੀ ਕਦਰ ਸਿਰਫ਼ ਦੋ ਵਾਰ ਕਰਦਾ ਹੈ, ਮਿਲਣ ਤੋਂ ਪਹਿਲਾ ਅਤੇ ਖੁੱਸਣ ਤੋਂ ਬਾਅਦ

# ਇਨਸਾਫ ਅਤੇ ਬੇਭਰੋਸਗੀ

ਲਖੀਮਪੁਰ ਖੀਰੀ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਪ੍ਰਸ਼ਾਸਨ ਦੇ ਰਵਈਏ ਉੱਤੇ ਉਚਿੱਤ ਹੀ ਨਾਰਾਜ਼ਗੀ ਜਾਹਿਰ ਕੀਤੀ ਹੈ। ਇਸ ਮਾਮਲੇ ਨੂੰ ਆਪਣੇ ਤੌਰ 'ਤੇ ਖੁਦ ਚੀਫ ਜਸਟਿਸ ਨੇ ਦੇਖਿਆ ਅਤੇ ਕੁੱਝ ਵਕੀਲਾਂ ਦੀ ਲਿਖੀ ਚਿੱਠੀ ਨੂੰ ਪਟੀਸ਼ਨ ਮੰਨਦੇ ਹੋਏ ਉਸ ਉਤੇ ਸੁਣਵਾਈ ਸ਼ੁਰੂ ਕੀਤੀ। ਇੱਕ ਦਿਨ ਪਹਿਲਾਂ ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਕਿਹਾ ਸੀ ਕਿ ਉਹ ਆਪਣਾ ਪੱਖ ਰੱਖੇ। ਸ਼ੁੱਕਰਵਾਰ ਨੂੰ ਮਾਮਲੇ ਦੀ ਸੁਣਵਾਈ ਕਰਦੇ ਹੋਏ ਚੀਫ ਜਸਟਿਸ ਨੇ ਸਪਸ਼ਟ ਕਿਹਾ ਕਿ ਉਹ ਉਤਰ ਪ੍ਰਦੇਸ਼ ਪ੍ਰਸ਼ਾਸਨ ਦੀ ਕਾਰਵਾਈ ਤੋਂ ਸੰਤੁਸ਼ਟ ਨਹੀਂ ਹੈ। ਕੀ ਵਜ੍ਹਾ ਹੈ ਕਿ ਇੰਨੇ ਦਿਨ ਬੀਤ ਜਾਣ ਦੇ ਬਾਅਦ ਵੀ ਪੁਲਿਸ ਹੁਣ ਤੱਕ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕਰ ਸਕੀ। ਕੀ ਅਜਿਹਾ ਹੀ ਕਿਸੇ ਦੂਜੇ ਮਾਮਲੇ ਵਿੱਚ ਵੀ ਉਹ ਕਰ ਸਕਦੀ ਸੀ। ਜਿਵੇਂ ਹੀ ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਆਪਣੇ ਤੌਰ 'ਤੇ ਲਿਆ, ਉਤਰ ਪ੍ਰਦੇਸ਼ ਪੁਲਿਸ ਮੁੱਖ ਦੋਸ਼ੀ ਅਸ਼ੀਸ਼ ਮਿਸ਼ਰਾ ਦੇ ਘਰ ਬਾਹਰ ਗ੍ਰਿਫਤਾਰੀ ਦਾ ਨੋਟਿਸ ਚਿਪਕਾ ਆਈ। ਜਦੋਂ ਸੁਪਰੀਮ ਕੋਰਟ ਨੇ ਉਸ ਦੀ ਗ੍ਰਿਫਤਾਰੀ ਬਾਰੇ ਪੁੱਛਿਆ ਤਾਂ ਉਤਰ ਪ੍ਰਦੇਸ਼ ਸਰਕਾਰ ਨੇ ਕਿਹਾ ਕਿ ਪੁਲਿਸ ਨੇ ਉਸ ਨੂੰ ਹਾਜ਼ਰ ਹੋਣ ਦਾ ਨੋਟਿਸ ਦਿੱਤਾ ਹੈ, ਜੇਕਰ ਹਾਜ਼ਰ ਨਹੀਂ ਹੋਇਆ ਤਾਂ ਅੱਗੇ ਕਾਰਵਾਈ ਕਰੇਗੀ। ਫਿਰ ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਪੁੱਛਿਆ ਹੈ ਕਿ ਇਸ ਮਾਮਲੇ ਦੀ ਜਾਂਚ ਕਿਸ ਤੋਂ ਕਰਵਾਈ ਜਾ ਸਕਦੀ ਹੈ। ਉਥੋਂ ਦੇ ਪੁਲਿਸ ਮੁਖੀ ਨੂੰ ਨਿਰਦੇਸ਼ ਦਿੱਤਾ ਹੈ ਕਿ ਜਦੋਂ ਤੱਕ ਜਾਂਚ ਕਮੇਟੀ ਆਪਣਾ ਕੰਮ ਸ਼ੁਰੂ ਨਹੀਂ ਕਰਦੀ, ਉਦੋਂ ਤੱਕ ਉਹ ਗਵਾਹਾਂ ਦੀ ਸੁਰੱਖਿਆ ਦਾ ਧਿਆਨ ਰੱਖੇ। ਇਹ ਲੁਕੀ ਹੋਈ ਗੱਲ ਨਹੀਂ ਹੈ ਕਿ ਲਖੀਮਪੁਰ ਖੀਰੀ ਵਿੱਚ ਗੱਡੀਆਂ ਦੁਆਰਾ ਦਰੜੇ ਗਏ ਚਾਰ ਕਿਸਾਨ ਅਤੇ ਭੀੜ ਦੀ ਹਿੰਸਾ ਵਿੱਚ ਮਾਰੇ ਗਏ ਚਾਰ ਹੋਰ ਲੋਕਾਂ ਦੀ ਮੌਤ ਨੂੰ ਲੈ ਕੇ ਉਤਰ ਪ੍ਰਦੇਸ਼ ਪੁਲਿਸ ਸ਼ੁਰੂ ਤੋਂ ਹੀ ਸੁਸਤੀ ਵਰਤਦੀ ਰਹੀ ਹੈ। ਇਸ ਮਾਮਲੇ ਵਿੱਚ ਚੂੰਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਬੇਟੇ ਨੂੰ ਨਾਮਜ਼ਦ ਕੀਤਾ ਗਿਆ ਹੈ ਅਤੇ ਉਤਰ ਪ੍ਰਦੇਸ਼ ਵਿੱਚ ਭਾਜਪਾ ਸਰਕਾਰ ਹੈ, ਇਸ ਲਈ ਪ੍ਰਦੇਸ਼ ਪੁਲਿਸ ਦੀ ਸੁਸਤੀ ਨੂੰ ਸਮਝਣਾ ਮੁਸ਼ਕਿਲ ਨਹੀਂ ਹੈ। ਗ੍ਰਹਿ ਰਾਜ ਮੰਤਰੀ ਸ਼ੁਰੂ ਤੋਂ ਹੁਣ ਤੱਕ ਇਹੀ ਕਹਿੰਦਾ ਆ ਰਿਹਾ ਹੈ ਕਿ ਇਸ ਮਾਮਲੇ ਵਿੱਚ ਉਸ ਦੇ ਬੇਟੇ ਦਾ ਹੱਥ ਨਹੀਂ ਹੈ। ਪਰ ਕਈ ਵੀਡੀਓ ਅਤੇ ਪ੍ਰਤੱਖ ਦਰਸ਼ੀਆਂ ਦੇ ਬਿਆਨਾਂ ਤੋਂ ਹੁਣ ਸਥਿਤੀ ਕਾਫੀ ਕੁੱਝ ਸਪਸ਼ਟ ਹੋ ਚੁੱਕੀ ਹੈ। ਗ੍ਰਹਿ ਰਾਜ ਮੰਤਰੀ ਦੀਆਂ ਗੱਲਾਂ ਕਿਸੇ ਦੇ ਗਲੇ ਤੋਂ ਹੇਠਾਂ ਨਹੀਂ ਉਤਰ ਰਹੀਆਂ। ਕਿਸਾਨ ਅੰਦੋਲਨਕਾਰੀ ਅਤੇ ਤਮਾਮ ਵਿਰੋਧੀ ਦਲ ਮੰਗ ਕਰ ਰਹੇ ਹਨ ਕਿ ਗ੍ਰਹਿ ਰਾਜ ਮੰਤਰੀ ਨੂੰ ਉਸ ਦੇ ਅਹੁਦੇ ਤੋਂ ਹਟਾਇਆ ਜਾਵੇ ਅਤੇ ਉਸ ਦੇ ਬੇਟੇ ਨੂੰ ਗ੍ਰਿਫਤਾਰ ਕੀਤਾ ਜਾਵੇ। ਇਹ ਗੱਲ ਵੱਖਰੀ ਹੈ ਕਿ ਹਾਲਾਤ ਹੁਣ ਜ਼ਿਆਦਾ ਗੰਭੀਰ ਹੁੰਦਿਆਂ ਦੇਖ ਕੇ ਅਸ਼ੀਸ਼ ਮਿਸ਼ਰਾ ਨੇ ਆਤਮ ਸਮਪਰਣ ਕਰ ਦਿੱਤਾ ਹੈ। ਉਂਞ ਉਤਰ ਪ੍ਰਦੇਸ਼ ਸਰਕਾਰ ਇਹ ਕਹਿੰਦੀ ਰਹੀ ਕਿ ਇਸ ਮਾਮਲੇ ਵਿੱਚ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ ਪਰ ਉਸ ਦਾ ਦਾਅਵਾ ਵਿਵਹਾਰ ਵਿੱਚ ਨਹੀਂ ਦਿਸ ਰਿਹਾ। ਸੁਪਰੀਮ ਕੋਰਟ ਦੇ ਇਸ ਮਾਮਲੇ ਵਿੱਚ ਖੁਦ ਸ਼ਾਮਲ ਹੋਣ ਨਾਲ ਲੋਕਾਂ ਨੂੰ ਇਨਸਾਫ ਮਿਲਣ ਦੇ ਪ੍ਰਤੀ ਭਰੋਸਾ ਪੈਦਾ ਹੋਇਆ ਹੈ। ਇਹ ਲੁਕੀ ਗੱਲ ਨਹੀਂ ਹੈ ਕਿ ਜਿਨ੍ਹਾਂ ਘਟਨਾਵਾਂ ਵਿੱਚ ਰਸੂਖਦਾਰ ਲੋਕ ਦੋਸ਼ੀ ਹੁੰਦੇ ਹਨ, ਉਨ੍ਹਾਂ ਵਿੱਚ ਸਬੂਤਾਂ ਨੇ ਨਾਲ ਛੇੜਛਾੜ, ਜਾਂਚ ਨੂੰ ਪ੍ਰਭਾਵਿਤ ਕਰਨ ਅਤੇ ਗਵਾਹਾਂ ਨੂੰ ਡਰਾ, ਧਮਕਾ, ਵਰਗਲਾ ਕੇ ਬਿਆਨ ਬਦਲਵਾਉਣ ਜਿਹੇ ਕੰਮ ਬਹੁਤ ਆਸਾਨੀ ਨਾਲ ਕਰ ਲਏ ਜਾਂਦੇ ਹਨ। ਇਸ ਦੇ ਚਲਦਿਆਂ ਅਦਾਲਤਾਂ ਸਬੂਤਾਂ ਦੀ ਕਮੀ ਵਿੱਚ ਦੋਸ਼ੀਆਂ ਨੂੰ ਬਰੀ ਕਰਨ ਲਈ ਮਜਬੂਰ ਹੁੰਦੀ ਹੈ। ਅਜਿਹੇ ਮਾਮਲਿਆਂ ਵਿੱਚ ਦੋਸ਼ੀ ਸਿੱਧ ਹੋਣ ਦੀ ਦਰ ਬਹੁਤ ਘਟ ਹੁੰਦੀ ਹੈ। ਪਰ ਸੁਪਰੀਮ ਕੋਰਟ ਨੇ ਖੁਦ ਆਪਣੀ ਦੇਖ ਰੇਖ ਵਿੱਚ ਇਸ ਮਾਮਲੇ ਦੀ ਜਾਂਚ ਆਦਿ ਦੀ ਜ਼ਿੰਮੇਵਾਰੀ ਲੈ ਕੇ ਪੀੜਤਾਂ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ ਹੈ, ਇਸ ਲਈ ਉਮੀਦ ਬਣੀ ਹੈ। ਲਖੀਮਪੁਰ ਖੀਰੀ ਦਾ ਮਾਮਲਾ ਹੁਣ ਤੱਕ ਦੇ ਘਿਨੌਣੇ ਅਪਰਾਧਾਂ ਦੀ ਸ਼੍ਰੇਣੀ ਵਿੱਚ ਹੈ, ਇਹ ਲੋਕਤੰਤਰੀ ਅਧਿਕਾਰਾਂ ਨੂੰ ਦਰੜਨ ਦਾ ਵੀ ਮਾਮਲਾ ਹੈ, ਇਸ ਲਈ ਜੇਕਰ ਇਸ ਵਿੱਚ ਨਿਆ ਮਿਲਦਾ ਹੈ, ਤਾਂ ਇਹ ਵਿੱਚ ਵੱਡੀ ਉਦਾਹਰਣ ਬਣੇਗਾ।

**ਸੁਖਜਿੰਦਰ ਸਮਰਾ**
ਮੋ. 95835-92000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਐਡਿਟ ਜਾਂ ਨਾ ਐਡਿਟ ਕਰਨ ਦਾ ਪੂਰਾ ਅਧਿਕਾਰ ਹੈ। - ਸੰਪਾਦਕ

# ਸ਼ਾਂਤਮਈ ਕਿਸਾਨਾ 'ਤੇ ਗੱਡੀ ਚੜ੍ਹਾਕੇ ਸ਼ਹੀਦ ਕਰਨਾ : ਦਰਿੰਦਗੀ ਦੀ ਨਿਸ਼ਾਨੀ



**ਉਜਾਗਰ ਸਿੰਘ**
**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
ਮੋਬਾਈਲ-94178 13072

ਭਾਰਤੀ ਜਨਤਾ ਪਾਰਟੀ ਦੇ ਕਥਿਤ ਨੇਤਾਵਾਂ ਦੇ ਬੱਚਿਆਂ ਅਤੇ ਪਾਲਤੂ ਗੁੰਡਿਆਂ ਨੇ ਅਣਮਨੁੱਖੀ ਢੰਗ ਨਾਲ ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾ ਨੂੰ ਆਪਣੀਆਂ ਗੱਡੀਆਂ ਹੇਠ ਦਰੜਕੇ ਪਰਜਾਤੰਤਰ ਦੇ ਮਖੌਟੇ ਵਿੱਚ ਮੁਗਲ ਰਾਜ ਦੁਹਰਾ ਦਿੱਤਾ ਹੈ। ਖ਼ਬਰਾਂ ਅਨੁਸਾਰ ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜਿਲ੍ਹੇ ਵਿੱਚ ਤਿਕੋਨੀਆਂ-ਬਨਬੀਰਪੁਰ ਸੜਕ 'ਤੇ ਅੰਦੋਲਨ ਕਰ ਰਹੇ ਕਿਸਾਨਾ 'ਤੇ ਭਾਰਤ ਦੇ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੇ ਬੇਟੇ ਅਤੇ ਭਰਾ ਦੀ ਅਗਵਾਈ ਵਿੱਚ ਗੱਡੀਆਂ ਦਾ ਕਾਫ਼ਲਾ ਚੜ੍ਹਾਕੇ 4 ਕਿਸਾਨਾ ਨੂੰ ਦਰੜਿਆ ਗਿਆ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਨੇ ਆਪਣੇ ਬੇਟੇ ਦੇ ਘਟਨਾ ਵਾਲੀ ਥਾਂ 'ਤੇ ਮੌਜੂਦ ਨਾ ਹੋਣ ਬਾਰੇ ਕਿਹਾ ਹੈ। ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਨੇ ਉਚ ਪੱਧਰੀ ਪੜਤਾਲ ਕਰਵਾਉਣ ਦਾ ਐਲਾਨ ਕਰਦਿਆਂ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਪੜਤਾਲ ਤੋਂ ਬਾਅਦ ਸਭ ਕੁਝ ਸਾਹਮਣੇ ਆ ਜਾਵੇਗਾ। ਇਹ ਘਟਨਾ ਮਨੁੱਖੀ ਹੱਕਾਂ ਦਾ ਘਾਣ ਅਤੇ ਹੈਵਾਨੀਅਤ ਦਾ ਪ੍ਰਚੰਡ ਪ੍ਰਗਟਾਵਾ ਹੈ। ਇਸ ਇਨਸਾਨੀਅਤ ਤੋਂ ਗਿਰੀ ਹੋਈ ਅਣਮਨੁੱਖੀ ਘਟਨਾ ਤੋਂ ਭਾਰਤੀ ਜਨਤਾ ਪਾਰਟੀ ਦੀ ਆਪਣੀ ਪਰਜਾ ਬਾਰੇ ਸੋਚ ਦਾ ਵੀ ਪਤਾ ਲੱਗਦਾ ਹੈ। ਸ਼ਾਂਤਮਈ ਕਿਸਾਨ ਅੰਦੋਲਨ ਦੀ ਸਫ਼ਲਤਾ ਜੱਗ ਜ਼ਾਹਰ ਹੋਣ ਕਰਕੇ ਬੁਖਲਾਹਟ ਵਿੱਚ ਆਈ ਸਰਕਾਰ ਦੀ ਘਿਰਣਾ ਵਾਲੀ ਪ੍ਰਵਿਰਤੀ ਦੀ ਇਹ ਦਰਿੰਦਗੀ ਦੀ ਉਦਾਹਰਣ ਹੈ, ਜਿਸ ਕਰਕੇ 4 ਕਿਸਾਨਾ ਸਮੇਤ 8 ਵਿਅਕਤੀਆਂ ਦੀ ਮੌਤ ਹੋ ਗਈ ਹੈ ਅਤੇ ਦਰਜਨਾ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ ਹਨ। ਜ਼ਖ਼ਮੀਆਂ ਵਿੱਚ ਕਿਸਾਨ ਨੇਤਾ ਤੇਜਿੰਦਰ ਸਿੰਘ ਵਿਰਕ ਊਧਮ ਸਿੰਘ ਨਗਰ ਵੀ ਸ਼ਾਮਲ ਹਨ। ਇਤਨਾ ਜ਼ੁਲਮਾਨਾ ਅਤੇ ਹਿਰਦੇਵੇਦਿਕ ਤਸ਼ੱਦਦ ਅੰਗਰੇਜ਼ਾਂ ਅਤੇ ਮੁਗਲਾਂ ਦੇ ਸਮੇਂ ਨੂੰ ਯਾਦ ਕਰਵਾਉਂਦਾ ਹੈ। ਉਦੋਂ ਭਾਰਤ ਗ਼ੁਲਾਮ ਸੀ, ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਐਮਰਜੈਂਸੀ ਵੀ ਲੱਗੀ ਪ੍ਰੰਤੂ ਅਜਿਹੀ ਘ੍ਰਿਣਾ ਭਰਪੂਰ ਘਟਨਾ ਕਦੀਂ ਵੀ ਨਹੀਂ ਹੋਈ। ਭਾਰਤ ਵਾਸੀਆਂ ਨੂੰ ਹੁਣ ਮਹਿਸੂਸ ਹੋ ਰਿਹਾ ਹੈ ਕਿ ਭਾਰਤ ਮੁੜਕੇ ਇਕ ਪਾਰਟੀ ਦਾ ਗ਼ੁਲਾਮ ਹੋਣ ਜਾ ਰਿਹਾ ਹੈ।





ਅਜੇ ਥੋੜ੍ਹੇ ਦਿਨ ਪਹਿਲਾਂ ਹੀ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਮਰੀਕਾ ਦੇ ਦੌਰੇ 'ਤੇ ਗਏ ਸਨ ਤਾਂ ਉਥੋਂ ਦੇ ਰਾਸ਼ਟਰਪਤੀ ਜੋ ਬਾਇਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਭਾਰਤ ਵਿੱਚ ਮਨੁਖੀ ਹੱਕਾਂ ਦੀ ਹੋ ਰਹੀ ਉਲੰਘਣਾ ਬਾਰੇ ਸੁਚੇਤ ਕੀਤਾ ਸੀ। ਲਖ਼ੀਮਪੁਰ ਖੀਰੀ ਦੀ ਘਟਨਾ ਉਨ੍ਹਾਂ ਦਾ ਹੰਦੇਸ਼ਾ ਸੱਚ ਸਾਬਤ ਕਰ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਕਿਸੇ ਤਰ੍ਹਾਂ ਵੀ ਕਿਸਾਨ ਅੰਦੋਲਨ ਨੂੰ ਹਿੰਸਕ ਕਹਿਕੇ ਬਦਨਾਮ ਕਰਨਾ ਚਾਹੁੰਦੀ ਹੈ। ਸਰਕਾਰ ਦੀ ਡਿਕਟੇਟਰਸ਼ਿਪ ਵਾਲੀ ਇਸ ਘਟਨਾ ਤੋਂ ਵੱਡੀ ਹੋਰ ਕੀ ਉਦਾਹਰਣ ਹੋ ਸਕਦੀ ਹੈ ? ਭਾਰਤੀ ਜਨਤਾ ਪਾਰਟੀ ਦੀ ਬੁਖਲਾਹਟ ਦਾ ਮੁੱਖ ਕਾਰਨ ਫ਼ਰਵਰੀ 2022 ਵਿੱਚ 5 ਰਾਜਾਂ ਵਿੱਚ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਚੋਣਾ ਹਨ। ਉਤਰ ਪ੍ਰਦੇਸ਼ ਉਨ੍ਹਾਂ ਵਿੱਚੋਂ ਇਕ ਅਜਿਹਾ ਰਾਜ ਹੈ, ਜਿਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਕੇਂਦਰ ਸਰਕਾਰ ਲਈ ਉਤਰ ਪ੍ਰਦੇਸ਼ ਦੀ ਚੋਣ ਇਜ਼ਤ ਦਾ ਸਵਾਲ ਬਣੀ ਹੋਈ ਹੈ ਕਿਉਂਕਿ ਭਾਰਤ ਦਾ ਇਹ ਸਭ ਤੋਂ ਵੱਡਾ ਰਾਜ ਹੈ, ਜਿਥੋਂ 80 ਲੋਕ ਸਭਾ ਦੇ ਮੈਂਬਰ ਚੁਣੇ ਜਾਂਦੇ ਹਨ। 5 ਰਾਜਾਂ ਦੀ ਚੋਣ ਦੇ ਨਤੀਜੇ 2024 ਵਿੱਚ ਲੋਕ ਸਭਾ ਦੀ ਚੋਣ ਲਈ ਮਹੱਤਵਪੂਰਨ ਹੋਣਗੇ। ਭਾਰਤੀ ਜਨਤਾ ਪਾਰਟੀ ਕਿਸਾਨ ਅੰਦੋਲਨ ਦੇ ਉਤਰ ਪ੍ਰਦੇਸ਼ ਵਿੱਚ ਭਖ ਜਾਣ ਕਰਕੇ ਆਪਣੀ ਹੋਂਦ ਨੂੰ ਖ਼ਤਰਾ ਮਹਿਸੂਸ ਕਰ ਰਹੀ ਹੈ। ਮੁਜ਼ੱਫਰਨਗਰ ਵਿਖੇ ਕਿਸਾਨਾ ਦੀ ਮਹਾਂ ਪੰਚਾਇਤ ਵਿੱਚ ਲੱਖਾਂ ਕਿਸਾਨਾ ਦੇ ਸ਼ਾਮਲ ਹੋਣ ਕਰਕੇ ਉਤਰ ਪ੍ਰਦੇਸ਼ ਸਰਕਾਰ ਨੂੰ ਹਾਰ ਸਾਹਮਣੇ ਕੰਧ 'ਤੇ ਲਿਖੀ ਵਿਖਾਈ ਦੇ ਰਹੀ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਕਹਿ ਰਹੀ ਸੀ ਕਿ ਕਿਸਾਨ ਅੰਦੋਲਨ ਵਿੱਚ ਪੰਜਾਬ ਦੇ ਹੀ ਕਿਸਾਨ ਹਨ। ਮੁਜ਼ਫਰਪੁਰ ਦੀ ਮਹਾਂ ਪੰਚਾਇਤ ਵਿੱਚ ਕਿਸਾਨਾ ਦੇ ਹੋਏ ਬੇਸ਼ੁਮਾਰ ਇਕੱਠ ਨੇ ਕੇਂਦਰ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ ਸੀ। ਜੇਕਰ ਮੁਜ਼ੱਫਰਪੁਰ ਦਾ ਇਤਨਾ ਵੱਡਾ ਇਕੱਠ ਸ਼ਾਂਤਮਈ ਰਹਿ ਸਕਦਾ ਹੈ ਤਾਂ ਇਹ ਇਕ ਹਜ਼ਾਰ ਕਿਸਾਨਾ ਦਾ ਇਕੱਠ ਹਿੰਸਕ ਕਿਵੇਂ ਹੋ ਸਕਦਾ ਹੈ ? ਇਸ ਸਮੇਂ ਕਿਸਾਨ ਅੰਦੋਲਨ ਸਮੁੱਚੇ ਭਾਰਤ ਵਿੱਚ ਫ਼ੈਲ ਚੁੱਕਾ ਹੈ, ਜਿਸ ਕਰਕੇ ਕੇਂਦਰ ਸਰਕਾਰ ਘਬਰਾਈ ਹੋਈ ਹੈ। ਕਿਸਾਨ ਅੰਦੋਲਨ ਦੌਰਾਨ ਪੱਛਵੀਂ ਬੰਗਾਲ ਦੀਆਂ ਵਿਧਾਨ ਸਭਾ ਚੋਣਾ ਵਿੱਚ ਸਾਰਾ ਕੇਂਦਰੀ ਮੰਤਰੀ ਮੰਡਲ ਅਤੇ ਸਾਰੇ ਦੇਸ਼ ਦੇ ਭਾਰਤੀ ਜਨਤਾ ਪਾਰਟੀ ਦੇ ਪ੍ਰਮੁੱਖ ਨੇਤਾਵਾਂ ਅਤੇ ਸੰਸਦ ਮੈਂਬਰਾਂ ਵੱਲੋਂ ਧੂੰਆਂਧਾਰ ਮੁਹਿੰਮ ਚਲਾਉਣ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਨੂੰ ਬੁਰੀ ਤਰ੍ਹਾਂ ਹਾਰ ਦਾ ਮੂੰਹ ਵੇਖਣਾ ਪਿਆ। ਕਲ੍ਹ ਹੀ ਪੱਛਵੀਂ ਬੰਗਾਲ ਦੀਆਂ 3 ਵਿਧਾਨ ਸਭਾ ਦੀਆਂ ਉਪ ਚੋਣਾਂ ਦੇ ਨਤੀਜਿਆਂ ਵਿੱਚ ਮੁੱਖ ਮੰਤਰੀ ਮਮਤਾ ਬੈਨਰਜੀ ਦਾ 58835 ਵੋਟਾਂ ਦੇ ਵੱਡੇ ਫਰਕ ਨਾਲ ਜਿਤਣਾ ਅਤੇ ਤਿੰਨੋ ਸੀਟਾਂ ਵਿੱਚੋਂ ਵੀ ਭਾਰਤੀ ਜਨਤਾ ਪਾਰਟੀ ਦਾ ਬੁਰੀ ਤਰ੍ਹਾਂ ਹਾਰਨਾ ਹਜ਼ਮ ਨਹੀਂ ਹੋ ਰਿਹਾ। ਇਸ ਘਟਨਾ ਤੋਂ ਪਹਿਲਾਂ ਵੀ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ ਕਿਸਾਨ ਅੰਦੋਲਨ ਨੂੰ ਫ਼ੇਲ੍ਹ ਕਰਨ ਲਈ ਉਤਰ ਪ੍ਰਦੇਸ਼ ਸਰਕਾਰ ਦੀ ਮਿਲੀ ਭੁਗਤ ਨਾਲ ਸਿੰਘੂ ਬਾਰਡਰ 'ਤੇ ਕਿਸਾਨਾ ਦੇ ਟੈਂਟਾਂ ਵਿੱਚ ਵੜਕੇ ਹਮਲੇ ਕੀਤੇ ਸਨ। ਇਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ ਪੁਲਿਸ ਦੀਆਂ ਵਰਦੀਆਂ ਪਾ ਕੇ ਕਿਸਾਨਾ 'ਤੇ ਹਮਲੇ ਕੀਤੇ।

ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਬਨਬੀਰਪੁਰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦਾ ਪਿੰਡ ਹੈ। ਇਥੇ ਹੀ ਉਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦਿ ਮੌਰੀਆ ਨੇ ਆਉਣਾ ਸੀ। ਪਿੰਡ ਦੇ ਬਾਹਰਬਾਰ ਤਿਕੋਨੀਆਂ ਕੋਲ ਹੈਲੀਪੈਡ ਬਣਾਇਆ ਗਿਆ ਸੀ। ਕਿਸਾਨਾ ਨੇ ਹੈਲੀਪੈਡ ਘੇਰਿਆ ਹੋਇਆ ਸੀ। ਉਪ ਮੁੱਖ ਮੰਤਰੀ ਨੇ ਆਪਣਾ ਪ੍ਰੋਗਰਾਮ ਕਿਸਾਨਾ ਦੇ ਵਿਰੋਧ ਕਰਕੇ ਬਦਲ ਦਿੱਤਾ ਸੀ। ਇਸ ਕਰਕੇ ਕਿਸਾਨ ਸ਼ਾਂਤਮਈ ਢੰਗ ਨਾਲ ਵਾਪਸ ਆ ਰਹੇ ਸਨ। ਕਿਹਾ ਜਾਂਦਾ ਹੈ ਕਿ ਕੁਝ ਐਸ ਯੂ ਵੀ ਗੱਡੀਆਂ, ਜਿਨ੍ਹਾਂ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਦਾ ਸਪੁੱਤਰ ਅਸ਼ੀਸ਼ ਮਿਸ਼ਰਾ ਅਤੇ ਮੰਤਰੀ ਦਾ ਭਰਾ ਸਵਾਰ ਸਨ, ਉਨ੍ਹਾਂ ਨੇ ਆਪਣਾ ਕਾਫ਼ਲਾ ਵਾਪਸ ਆ ਰਹੇ ਕਿਸਾਨ 'ਤੇ ਚੜ੍ਹਾ ਦਿੱਤਾ, ਜਿਸ ਕਰਕੇ ਕਿਸਾਨ ਸ਼ਹੀਦ ਹੋ ਗਏ। ਉਹ ਹਫੜਾ ਦਫ਼ੜੀ ਵਿੱਚ ਗੱਡੀਆਂ ਭਜਾ ਕੇ ਲੈ ਗਏ ਪ੍ਰੰਤੂ ਇਕ ਗੱਡੀ ਤੇਜ ਹੋਣ ਕਰਕੇ ਡਰਾਈਵਰ ਕੰਟਰੋਲ ਗੁਆ ਬੈਠਾ ਅਤੇ ਉਹ ਗੱਡੀ ਖੇਤਾਂ ਵਿੱਚ ਉਲਟ ਗਈ ਅਤੇ ਉਸਨੂੰ ਅੱਗ ਲੱਗ ਗਈ। ਜਿਸ ਕਰਕੇ 4 ਵਿਅਕਤੀ ਮਾਰੇ ਗਏ। ਦੋ ਦਿਨ ਪਹਿਲਾਂ ਗ੍ਰਹਿ ਮੰਤਰੀ ਦੇ ਬੇਟੇ ਨੇ ਬਿਆਨ ਦਿੱਤਾ ਸੀ ਕਿ ਲਖਮੀਪੁਰ ਖ਼ੀਰੀ ਜਿਲ੍ਹੇ ਵਿੱਚ ਕਿਸਾਨਾ ਨੂੰ ਸਬਕ ਸਿਖਾਇਆ ਜਾਵੇਗਾ। ਇਸ ਤੋਂ ਸਰਕਾਰ ਦੀ ਨੀਅਤ ਅਤੇ ਸ਼ਾਜ਼ਸ਼ ਦਾ ਪਤਾ ਲੱਗਦਾ ਹੈ। ਸੋਚਣ ਵਾਲੀ ਗੱਲ ਹੈ ਕਿ ਕਿਸਾਨ ਅੰਦੋਲਨ ਕਰ ਰਹੇ ਹਨ। ਉਥੇ ਰਾਜ ਦੇ ਉਪ ਮੁੱਖ ਮੰਤਰੀ ਨੇ ਆਉਣਾ ਹੋਵੇ ਅਤੇ ਪੁਲਿਸ ਤਾਇਨਾਤ ਨਾ ਕੀਤੀ ਜਾਵੇ ਕੀ ਇਹ ਸੰਭਵ ਹੋ ਸਕਦਾ ਹੈ ? ਦੂਜੇ ਜਦੋਂ ਉਪ ਮੁੱਖ ਮੰਤਰੀ ਦਾ ਹੈਲੀਪੈਡ 'ਤੇ ਆਉਣ ਦਾ ਪ੍ਰੋਗਰਾਮ ਬਦਲ ਗਿਆ ਤਾਂ ਫਿਰ ਅਸ਼ੀਸ਼ ਮਿਸ਼ਰਾ ਅਤੇ ਉਨ੍ਹਾਂ ਦੇ ਸਾਥੀ ਉਥੇ ਕੀ ਕਰਨ ਗਏ ਸਨ ? ਕੇਂਦਰੀ ਅਤੇ ਯੋਗੀ ਅਦਿਤਯ ਨਾਥ ਦੀ ਸਰਕਾਰ ਸ਼ਾਂਤਮਈ ਅੰਦੋਲਨ ਨੂੰ ਹਿੰਸਕ ਬਣਾਕੇ ਬਦਨਾਮ ਕਰਨਾ ਚਾਹੁੰਦੀ ਹੈ। ਇਸ ਘਟਨਾ ਤੋਂ ਬਾਅਦ ਉਤਰ ਪ੍ਰਦੇਸ਼ ਹੀ ਨਹੀਂ ਸਗੋਂ ਸਮੁੱਚੇ ਦੇਸ਼ ਵਿੱਚ ਕਿਸਾਨ ਮਜ਼ਦੂਰ ਅੰਦੋਲਨ ਹੋ ਪ੍ਰਚੰਡ ਰੂਪ ਵਿੱਚ ਸਾਹਮਣੇ ਆਵੇਗਾ। ਯੋਗੀ ਸਰਕਾਰ ਨੇ ਕਿਸਾਨਾ ਨਾਲ ਨਵਾਂ ਪੰਗਾ ਲੈ ਲਿਆ ਹੈ, ਜਿਸਦਾ ਇਵਜ਼ਾਨਾ ਉਨ੍ਹਾਂ ਨੂੰ ਵਿਧਾਨ ਸਭਾ ਦੀਆਂ ਚੋਣਾ ਵਿੱਚ ਪੱਛਵੀਂ ਬੰਗਾਲ ਦੀ ਤਰ੍ਹਾਂ ਭੁਗਤਣਾ ਪਵੇਗਾ। ਸੰਯੁਕਤ ਕਿਸਾਨ ਮੋਰਚੇ ਨੇ 4 ਕਿਸਾਨਾ ਦੇ ਸ਼ਹੀਦ ਅਤੇ ਬਾਕੀ ਕਿਸਾਨਾ 'ਤੇ ਇਤਨਾ ਤਸ਼ੱਦਦ ਹੋਣ ਦੇ ਬਾਵਜੂਦ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ। ਇਸ ਤੋਂ ਕਿਸਾਨਾ ਦੀ ਭਾਵਨਾ ਦਾ ਪਤਾ ਚਲਦਾ ਹੈ। ਇਸ ਦੁਰਘਟਨਾ ਵਿੱਚ ਸ਼ਹੀਦ ਹੋਏ ਕਿਸਾਨਾ ਵਿੱਚ ਨਛੱਤਰ ਸਿੰਘ 65 , ਦਲਜੀਤ ਸਿੰਘ 35, ਲਵਪ੍ਰੀਤ ਸਿੰਘ 20 ਅਤੇ ਗੁਰਿੰਦਰ ਸਿੰਘ 20 ਸਾਲ ਉਮਰ ਦੇ ਸਨ। ਕਿਸਾਨਾ ਵੱਲੋਂ ਇਹ ਵੀ ਦੋਸ਼ ਲਗਾਏ ਗਏ ਹਨ ਕਿ ਭਾਰਤੀ ਜਨਤਾ ਪਾਰਟੀ ਦੇ ਕਾਰਕੰਨਾ ਨੇ ਗੋਲੀਆਂ ਵੀ ਚਲਾਈਆਂ ਹਨ, ਜਿਸ ਕਰਕੇ ਇਕ ਕਿਸਾਨ ਦੀ ਮੌਤ ਗੋਲੀ ਲੱਗਣ ਕਰਕੇ ਹੋਈ ਹੈ। ਇਨ੍ਹਾਂ ਕਿਸਾਨਾ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ ਕਿਉਂਕਿ ਸਮੁੱਚੇ ਦੇਸ਼ ਵਿੱਚ ਗੁੱਸੇ ਦੀ ਲਹਿਰ ਦੌੜ ਗਈ ਹੈ। ਹੁਣ ਤੱਕ ਜਿਹੜੇ ਕਿਸਾਨ ਮਜ਼ਦੂਰ ਚੁੱਪ ਬੈਠੇ ਸਨ, ਉਹ ਵੀ ਸਰਗਰਮ ਹੋ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਤਾਜ਼ਾ ਬਿਆਨ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ 3 ਖੇਤੀਬਾੜੀ ਕਾਨੂੰਨ ਕਿਸੇ ਕੀਮਤ 'ਤੇ ਵੀ ਰੱਦ ਨਹੀਂ ਹੋਣਗੇ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦਾ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੂੰ ਇਹ ਕਹਿਣਾ ਕਿ ਡੰਡਿਆਂ ਨਾਲ ਲੈਸ ਹੋ ਕੇ ਜੈਸੇ ਦਾ ਜਵਾਬ ਤੈਸੇ ਨਾਲ ਦਿਓ, ਭੜਕਾਉਣ 'ਤੇ ਉਕਸਾਉਣ ਵਾਲੇ ਹਨ। ਉਨ੍ਹਾਂ ਵਿਅਕਤੀਆਂ ਵੱਲੋਂ ਇਹ ਬਿਆਨ ਦੇਣਾ ਜਿਨ੍ਹਾਂ ਦੀ ਅਮਨ ਕਾਨੂੰਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਹੈ, ਬਹੁਤ ਹੀ ਸ਼ਰਮ ਅਤੇ ਸੰਵਿਧਾਨ ਦੇ ਵਿਰੁੱਧ ਹਨ। ਇਨ੍ਹਾਂ ਦੇ ਉਕਸਾਉਣ ਕਰਕੇ ਹੀ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ ਸ਼ਰੇਆਮ ਕਿਸਾਨ ਦੇ ਕਤਲ ਕੀਤੇ ਹਨ। ਇੰਜ ਕਰਕੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਪਣੇ ਕਫ਼ਨ ਵਿੱਚ ਕਿਲ ਠੋਕ ਰਹੀ ਹੈ। ਪਰਜਾਤੰਤਰ ਨੂੰ ਇੰਟਰਨੈਟ ਬੰਦ ਕਰਕੇ, ਦਫ਼ਾ 144 ਲਗਾਕੇ ਅਤੇ ਸਿਆਸਤਦਾਨਾ ਦਾ ਦਾਖ਼ਲਾ ਬੰਦ ਕਰਕੇ ਕਲੰਕਤ ਕਰ ਰਹੇ ਹਨ। ਇਉਂ ਮਹਿਸੂਸ ਹੋ ਰਿਹਾ ਹੈ ਕਿ ਪਰਜਾਤੰਤਰ ਦਾ ਗਲਾ ਘੋਟਿਆ ਜਾ ਰਿਹਾ ਹੈ।



# ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਕਬਜ਼ੇ ਕਾਰਨ ਕਸ਼ਮੀਰ ਦੇ ਹਾਲਾਤ ਤੇ ਬਹੁਤ ਦੂਰਗਾਮੀ ਅਸਰ ਪੈ ਸਕਦੇ ਹਨ



**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
ਮੋ. 9501100062

ਪੰਜਸ਼ੀਰ ਘਾਟੀ 'ਤੇ ਕਬਜ਼ੇ ਤੋਂ ਬਾਅਦ ਤਾਲਿਬਾਨ ਦਾ ਸਾਰੇ ਅਫਗਾਨਿਸਤਾਨ 'ਤੇ ਮੁਕੰਮਲ ਕਬਜ਼ਾ ਹੋ ਗਿਆ ਹੈ। ਤਾਲਿਬਾਨ ਮੁਖੀ ਮੁੱਲਾਂ ਉਬੈਦੁੱਲਾਹ ਆਖੁੰਦਜ਼ਾਦਾ ਦੀ ਅਗਵਾਈ ਹੇਠ ਸਰਕਾਰ ਦਾ ਗਠਨ ਵੀ ਹੋ ਗਿਆ ਹੈ ਜਿਸ ਵਿੱਚ ਅਮਰੀਕਾ ਦੇ ਸਖਤ ਵਿਰੋਧ ਦੇ ਬਾਵਜੂਦ ਸਿਰਾਜ਼ੁਦੀਨ ਹੱਕਾਨੀ ਸਮੇਤ ਅਨੇਕਾਂ ਅੰਤਰਰਾਸ਼ਟਰੀ ਅੱਤਵਾਦੀਆਂ ਨੂੰ ਮੰਤਰੀ ਬਣਾਇਆ ਗਿਆ ਹੈ। ਹੱਕਾਨੀ ਅਮਰੀਕਾ ਦੀ ਖੁਫੀਆ ਏਜੰਸੀ ਐਫ.ਬੀ.ਆਈ ਦਾ ਸਭ ਤੋਂ ਵੱਧ ਲੋੜੀਂਦਾ ਅੱਤਵਾਦੀ ਹੈ ਜਿਸ ਦੇ ਸਿਰ 'ਤੇ ਦਸ ਕਰੋੜ ਡਾਲਰ (ਕਰੀਬ ਸਾਢੇ 7 ਅਰਬ ਰੁਪਏ) ਦਾ ਇਨਾਮ ਹੈ। ਤਾਲਿਬਾਨ ਲੀਡਰਾਂ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਾਲਾਂ ਤੋਂ ਵੱਖ ਵੱਖ ਦੁਸ਼ਮਣਾਂ ਨਾਲ ਲੜਦੇ ਆ ਰਹੇ ਆਪਣੇ ਸੈਨਿਕਾਂ ਨੂੰ ਹੁਣ ਕਿਸ ਕੰਮ 'ਤੇ ਲਗਾਇਆ ਜਾਵੇ। ਕਿਉਂਕਿ ਅਫਗਾਨਾਂ ਨੂੰ ਜੇ ਲੜਨ ਲਈ ਸਾਂਝਾ ਦੁਸ਼ਮਣ ਨਾ ਮਿਲੇ ਤਾਂ ਉਹ ਆਪਸ ਵਿੱਚ ਹੀ ਲੜਨਾ ਸ਼ੁਰੂ ਕਰ ਦਿੰਦੇ ਹਨ। ਤਾਲਿਬਾਨ ਸਰਕਾਰ ਨੀ ਭਵਿੱਖੀ ਨੀਤੀ ਬਾਰੇ ਮੁੱਖ ਬੁਲਾਰੇ ਮੁੱਲਾਂ ਉਮਰ ਮੁਜ਼ਾਹਿਦ ਨੇ ਕੁਝ ਦਿਨ ਪਹਿਲਾਂ ਇੱਕ ਬਿਆਨ ਜਾਰੀ ਕੀਤਾ ਹੈ ਕਿ ਉਨ੍ਹਾਂ ਦਾ ਅਗਲਾ ਮਿਸ਼ਨ ਕਸ਼ਮੀਰ, ਸੀਰੀਆ, ਲੀਬੀਆ ਅਤੇ ਸੋਮਾਲੀਆ ਵਰਗੇ ਮੁਸਲਿਮ ਬਹੁਗਿਣਤੀ ਦੇਸ਼ਾਂ ਅਤੇ ਇਲਾਕਿਆਂ ਨੂੰ ਅਜ਼ਾਦ ਕਾਰਉਣ ਦਾ ਹੈ। ਪਰ ਤਾਲਿਬਾਨ ਵੀ ਹੁਣ ਕੂਟਨੀਤੀ ਸਿੱਖ ਗਏ ਹਨ। ਉਮਰ ਮੁਜ਼ਾਹਿਦ ਨੇ ਚੀਨ ਦੇ ਉਇਗਰ ਅਤੇ ਰੂਸ ਦੇ ਚੇਚਨ ਮੁਸਲਮਾਨਾਂ ਬਾਰੇ ਇੱਕ ਲਫਜ਼ ਵੀ ਨਹੀਂ ਬੋਲਿਆ ਕਿਉਂਕਿ ਇਸ ਵੇਲੇ ਚੀਨ ਅਤੇ ਰੂਸ ਉਸ ਦੇ ਸਭ ਤੋਂ ਵੱਡੇ ਸਮਰਥਕ ਹਨ।

ਤਾਲਿਬਾਨ ਦੇ ਕਬਜ਼ੇ ਦੇ ਨਾਲ ਹੀ ਅਫਗਾਨਿਸਤਾਨ ਤੋਂ ਆਪਣੀਆਂ ਕਾਰਵਾਈਆਂ ਚਲਾਉਣ ਵਾਲੀਆਂ ਅੱਤਵਾਦੀ ਜਥੇਬੰਦੀਆਂ ਅਲ ਕਾਇਦਾ, ਈਸਟਰਨ ਤੁਰਕਿਸਤਾਨ ਇਸਲਾਮਿਕ ਪਾਰਟੀ, ਇਸਲਾਮਿਕ ਮੂਵਮੈਂਟ ਫਾਰ ਉਜ਼ਬੇਕਿਸਤਾਨ, ਤਹਿਰੀਕੇ ਤਾਲਿਬਾਨ ਪਾਕਿਸਤਾਨ, ਜੈਸ਼ੇ ਮੁਹੰਮਦ, ਲਸ਼ਕਰੇ ਤੋਇਬਾ ਅਤੇ ਹੱਕਾਨੀ ਨੈੱਟਵਰਕ ਵਿੱਚ ਨਵੀਂ ਜਾਨ ਪੈ ਗਈ ਤੇ ਉਹ ਹੁਣ ਅਮਰੀਕਾ ਦੇ ਭੈਅ ਤੋਂ ਮੁਕਤ ਹੋ ਕੇ ਆਪਣੇ ਘਟੀਆ ਮਨਸੂਬਿਆਂ ਨੂੰ ਖੁਲ੍ਹ ਕੇ ਸਰਅੰਜ਼ਾਮ ਦੇ ਸਕਦੇ ਹਨ। ਜੈਸ਼ੇ ਮੁਹੰਮਦ ਅਤੇ ਲਸ਼ਕਰੇ ਤੋਇਬਾ ਦੇ ਕੁੱਲ ਮਿਲਾ ਕੇ ਕਰੀਬ 15000 ਲੜਾਕਿਆਂ ਨੇ ਤਾਲਿਬਾਨ ਨਾਲ ਮਿਲ ਕੇ ਅਮਰੀਕਾ ਦੇ ਖਿਲਾਫ ਜੰਗ ਲੜੀ ਸੀ ਤੇ ਇਸ ਦੇ ਇਵਜ਼ਾਨੇ ਵਜੋਂ ਹੁਣ ਉਨ੍ਹਾਂ ਨੂੰ ਕਸ਼ਮੀਰ ਵਿੱਚ ਜ਼ੇਹਾਦ ਕਰਨ ਲਈ ਤਾਲਿਬਾਨ ਦੀ ਖੁਲ੍ਹੀ ਇਮਦਾਦ ਮਿਲਣ ਦੀ ਪੂਰੀ ਉਮੀਦ ਹੈ। ਪਾਕਿਸਤਾਨੀ ਖੁਫੀਆ ਏਜੰਸੀ ਆਈ.ਐੱਸ.ਆਈ. ਦਾ ਤਾਲਿਬਾਨ ਸਰਕਾਰ 'ਤੇ ਪੂਰਾ ਪ੍ਰਭਾਵ ਹੈ ਤੇ ਉਸ ਨੇ ਅਮਰੀਕਾ ਦੇ ਖਿਲਾਫ ਤਾਲਿਬਾਨ ਦੀ ਹਰ ਪ੍ਰਕਾਰ ਦੀ ਹਥਿਆਰਾਂ ਅਤੇ ਪੈਸੇ ਨਾਲ ਮਦਦ ਕੀਤੀ ਸੀ। ਤਾਲਿਬਾਨ ਸਰਕਾਰ ਦਾ ਗਠਨ ਵੀ ਆਈ.ਐੱਸ.ਆਈ. ਦੀ ਮਰਜ਼ੀ ਮੁਤਾਬਕ ਹੋਇਆ ਹੈ ਤੇ ਪੰਜਸ਼ੀਰ ਘਾਟੀ ਦੀ ਜਿੱਤ ਪਾਕਿਸਤਾਨੀ ਫੌਜ ਦੀ ਮਦਦ ਤੋਂ ਬਗੈਰ ਮੁਮਕਿਨ ਨਹੀਂ ਸੀ। ਕੁਝ ਦਿਨ ਪਹਿਲਾਂ ਹੀ ਆਈ.ਐੱਸ.ਆਈ. ਮੁਖੀ ਜਨਰਲ ਫੈਜ਼ ਹਮੀਦ ਨੇ ਅਫਗਾਨਿਸਤਾਨ ਦਾ ਦੌਰਾ ਕੀਤਾ ਹੈ ਜਿੱਥੇ ਉਸ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਤਾਲਿਬਾਨ ਦੇ ਕਈ ਪ੍ਰਮੁੱਖ ਲੀਡਰਾਂ ਦੇ ਪਰਿਵਾਰ ਕਈ ਸਾਲਾਂ ਤੋਂ ਪਾਕਿਸਤਾਨ ਵਿੱਚ ਸ਼ਾਹੀ ਜੀਵਨ ਬਤੀਤ ਕਰ ਰਹੇ ਹਨ ਤੇ ਹੁਣ ਪਾਕਿਸਤਾਨ ਤਾਲਿਬਾਨ ਤੋਂ ਕੀਤੇ ਹੋਏ ਅਹਿਸਾਨਾਂ ਦਾ ਮੁੱਲ ਵਸੂਲਣਾ ਚਾਹੁੰਦਾ ਹੈ।

ਇਸ ਤੋਂ ਇਲਾਵਾ ਅਮਰੀਕਾ ਅਫਗਾਨਿਸਤਾਨ ਤੋਂ ਭੱਜਦੇ ਸਮੇਂ ਜੰਗੀ ਜਹਾਜ, ਬਲੈਕ ਹਾਕ ਹੈਲੀਕਾਪਟਰ, ਫੌਜੀ ਗੱਡੀਆਂ, ਰਾਈਫਲਾਂ, ਰਾਕਟ, ਤੋਪਾਂ ਅਤੇ ਗੋਲੀ ਸਿੱਕੇ ਸਮੇਤ ਅਰਬਾਂ ਡਾਲਰ ਦਾ ਸਾਜ਼ੋ ਸਮਾਨ ਪਿੱਛੇ ਛੱਡ ਗਿਆ ਹੈ ਜਿਸ ਦੀ ਮੁਰੰਮਤ ਅਤੇ ਇਸਤੇਮਾਲ ਲਈ ਪਾਕਿਸਤਾਨੀ ਪਾਇਲਟਾਂ, ਇੰਜੀਨੀਅਰਾਂ ਅਤੇ ਸਪੇਅਰ ਪਾਰਟਸ ਦੀ ਸਖਤ ਜਰੂਰਤ ਹੈ। ਤਾਲਿਬਾਨੀ ਪਾਇਲਟ ਜਹਾਜ਼ਾਂ ਅਤੇ ਹੈਲੀਕਾਪਟਰਾਂ ਨੂੰ ਉਡਾਉਣ ਦੀ ਟਰੇਨਿੰਗ ਲੈਣ ਲਈ ਪਾਕਿਸਤਾਨ ਪਹੁੰਚ ਚੁੱਕੇ ਹਨ। ਭਾਰਤ ਲਈ ਇਹ ਫਿਕਰ ਵਾਲੀ ਗੱਲ ਹੈ। ਇਸ ਵਾਰ ਤਾਲਿਬਾਨ ਭਾਵੇਂ ਨਿਮਰ ਭਾਸ਼ਾ ਬੋਲ ਰਹੇ ਹਨ, ਪਰ ਉਨ੍ਹਾਂ 'ਤੇ ਪਾਕਿਸਤਾਨ ਦੇ ਪ੍ਰਭਾਵ ਨੂੰ ਵੇਖਦੇ ਹੋਏ ਉਨ੍ਹਾਂ ਦੀ ਗੱਲ 'ਤੇ ਜਿਆਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਕਬਜ਼ੇ ਤੋਂ ਫੌਰਨ ਬਾਅਦ ਉਨ੍ਹਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਵਿਸ਼ਵਾਸ਼ ਦਿਵਾਇਆ ਸੀ ਕਿ ਅਮਰੀਕਾ ਅਤੇ ਨਾਟੋ ਦੇਸ਼ਾਂ ਲਈ ਕੰਮ ਕਰ ਕਰਨ ਵਾਲੇ ਨਾਗਰਿਕਾਂ, ਪੁਲਿਸ ਅਤੇ ਫੌਜੀਆਂ ਨੂੰ ਮਾਫੀ ਦਿੱਤੀ ਜਾਵੇਗੀ ਤੇ ਔਰਤਾਂ ਨੂੰ ਮੁੱਢਲੀ ਤੇ ਉੱਚ ਸਿੱਖਿਆ ਦੀ ਅਜ਼ਾਦੀ ਹੋਵੇਗੀ। ਪਰ ਇਸ ਐਲਾਨ ਤੋਂ ਕੁਝ ਦਿਨਾਂ ਬਾਅਦ ਹੀ ਉਹ ਮੁੱਕਰ ਗਏ ਤੇ ਆਪਣੀਆਂ ਪੁਰਾਣੀਆਂ ਕਰਤੂਤਾਂ 'ਤੇ ਉੱਤਰ ਆਏ ਹਨ। ਪੱਤਰਕਾਰਾਂ ਤੇ ਬੁਰਕਾ ਨਾ ਪਹਿਨਣ ਵਾਲੀਆਂ ਔਰਤਾਂ ਦੀ ਸ਼ਰੇਆਮ ਪਿਟਾਈ ਅਤੇ ਪੰਜਸ਼ੀਰ ਘਾਟੀ ਵਿੱਚ ਗ੍ਰਿਫਤਾਰ ਕੀਤੇ ਗਏ ਅਨੇਕਾਂ ਸੈਨਿਕਾਂ ਅਤੇ ਆਮ ਲੋਕਾਂ ਨੂੰ ਕਤਲ ਕਰਨ ਦੀਆਂ ਤਸਵੀਰਾਂ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ।

ਤਾਲਿਬਾਨ ਦੇ ਲੀਡਰ ਭਾਰਤ ਬਾਰੇ ਆਪਾ ਵਿਰੋਧੀ ਬਿਆਨ ਦੇ ਰਹੇ ਹਨ। ਇੱਕ ਦਿਨ ਇੱਕ ਲੀਡਰ ਭਾਰਤ ਨਾਲ ਚੰਗੇ ਸਬੰਧ ਰੱਖਣ ਬਾਰੇ ਬਿਆਨ ਦਿੰਦਾ ਹੈ ਤੇ ਅਗਲੇ ਦਿਨ ਦੂਸਰਾ ਲੀਡਰ ਕਸ਼ਮੀਰ ਨੂੰ ਭਾਰਤ ਤੋਂ ਅਲੱਗ ਕਰਨ ਦੀ ਧਮਕੀ ਦੇ ਦਿੰਦਾ ਹੈ। ਤਾਲਿਬਾਨ ਭਾਰਤ ਨਾਲ ਕਦੇ ਵੀ ਚੰਗੇ ਸਬੰਧ ਨਹੀਂ ਰੱਖ ਸਕਦਾ ਕਿਉਂਕਿ ਕਸ਼ਮੀਰ ਨੂੰ ਭਾਰਤ ਤੋਂ ਅਲੱਗ ਕਰਨਾ ਆਈ.ਐਸ.ਆਈ., ਜੈਸ਼ੇ ਮੁਹੰਮਦ ਅਤੇ ਲਸ਼ਕਰੇ ਤੋਇਬਾ ਦਾ ਨੰਬਰ ਇੱਕ ਨਿਸ਼ਾਨਾ ਹੈ ਤੇ ਤਾਲਿਬਾਨ ਵਿੱਚ ਆਪਣੇ ਮਾਲਕ ਪਾਕਿਸਤਾਨ ਨੂੰ ਨਰਾਜ਼ ਕਰਨ ਦੀ ਹਿੰਮਤ ਨਹੀਂ ਕਰ ਸਕਦੇ। ਭਾਰਤ ਵੱਲੋਂ ਬਾਲਾਕੋਟ ਟਰੇਨਿੰਗ ਸੈਂਟਰ 'ਤੇ ਕੀਤੇ ਗਏ ਹਵਾਈ ਹਮਲੇ (26 ਫਰਵਰੀ 2019) ਤੋਂ ਬਾਅਦ ਘਬਰਾਈਆਂ ਹੋਈਆਂ ਇਨ੍ਹਾਂ ਅੱਤਵਾਦੀ ਜਥੇਬੰਦੀਆਂ ਆਪਣੇ ਟਰੇਨਿੰਗ ਸੈਂਟਰ ਅਫਗਾਨਿਸਤਾਨ ਵਿੱਚ ਸਥਾਪਿਤ ਕਰ ਲਏ ਹਨ। ਹੁਣ ਉਨ੍ਹਾਂ ਦੇ ਭਾਰਤ ਪਾਕਿ ਸਰਹੱਦ ਦੇ ਨਜ਼ਦੀਕ ਸਿਰਫ ਬੇਸ ਕੈਂਪ ਹੀ ਰਹਿ ਗਏ ਹਨ ਜਿੱਥੋਂ ਉਹ ਅੱਤਵਾਦੀਆਂ ਨੂੰ ਭਾਰਤ ਵੱਲ ਧੱਕ ਸਕਦੇ ਹਨ। ਕੁਝ ਅਪੁਸ਼ਟ ਰਿਪੋਰਟਾਂ ਦੇ ਮੁਤਾਬਕ ਕਸ਼ਮੀਰ ਵਿੱਚ ਵਿਦੇਸ਼ੀ ਅੱਤਵਾਦੀਆਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਹੈ ਪਰ ਅਸਲੀ ਸਥਿੱਤੀ ਦਾ ਪਤਾ ਆਉਣ ਵਾਲੀ ਸਰਦੀ ਦੇ ਖਤਮ ਹੋਣ ਉਪਰੰਤ ਬਰਫ ਪਿਘਲਣ ਤੋਂ ਬਾਅਦ ਹੀ ਚੱਲੇਗਾ।

ਪਹਿਲੀ ਵਾਰ ਤਾਲਿਬਾਨ ਦਾ ਅਫਗਾਨਿਸਤਾਨ ਵਿੱਚ ਰਾਜ ਪਾਟ 1996 ਤੋਂ 2001 ਤੱਕ ਚੱਲਿਆ ਸੀ ਤੇ ਇਸ ਦੌਰਾਨ ਹੀ (1996 ਤੋਂ 1998) ਕਸ਼ਮੀਰ ਵਿੱਚ ਅੱਤਵਾਦ ਸਿਖਰ 'ਤੇ ਪਹੁੰਚ ਗਿਆ ਸੀ। ਸਿਰਫ ਦੋ ਸਾਲਾਂ ਵਿੱਚ ਹੀ 4496 ਅੱਤਵਾਦੀ ਘਟਨਾਵਾਂ ਹੋਈਆਂ ਸਨ ਜਿਨ੍ਹਾਂ ਦੇ ਫਲਸਵਰੂਪ 1600 ਆਮ ਨਾਗਰਿਕ ਮਾਰੇ ਗਏ, ਅਨੇਕਾਂ ਸੁਰੱਖਿਆ ਜਵਾਨ ਸ਼ਹੀਦ ਹੋਏ ਅਤੇ 3200 ਅੱਤਵਾਦੀ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਇਸ ਤੋਂ ਬਾਅਦ ਅੱਤਵਾਦ ਵਿੱਚ ਕੁਝ ਕਮੀ ਆਈ ਪਰ ਕਾਰਗਿਲ ਜੰਗ (3 ਮਈ 1999 ਤੋਂ 26 ਜੁਲਾਈ 1999) ਕਾਰਨ ਸੁਰੱਖਿਆ ਦਸਤਿਆਂ ਦਾ ਧਿਆਨ ਉਸ ਪਾਸੇ ਲੱਗ ਗਿਆ ਸੀ ਤੇ ਅੱਤਵਾਦੀਆਂ ਦੇ ਗਰੋਹ ਇਸ ਦਾ ਫਾਇਦਾ ਉਠਾ ਕੇ ਕਸ਼ਮੀਰ ਵਿੱਚ ਘੁਸਪੈਠ ਕਰ ਗਏ ਸਨ, ਜਿਸ ਕਾਰਨ ਅੱਤਵਾਦੀ ਘਟਨਾਵਾਂ ਫਿਰ ਵਧ ਗਈਆਂ ਸਨ। 1999 ਤੋਂ ਲੈ ਕੇ 2001 ਤੱਕ 3123 ਅੱਤਵਾਦੀ ਘਟਨਾਵਾਂ ਹੋਈਆਂ ਤੇ 1707 ਅੱਤਵਾਦੀ ਸੁਰੱਖਿਆਂ ਬਲਾਂ ਹੱਥੋਂ ਮਾਰੇ ਗਏ। ਪਰ ਹੁਣ ਸੁਰੱਖਿਆ ਦਸਤਿਆਂ ਦੀ ਸਖਤ ਮੁਸਤੈਦੀ, ਅਧੁਨਿਕ ਹਥਿਆਰਾਂ ਅਤੇ ਸਰਹੱਦ 'ਤੇ ਲਗਾਏ ਗਏ ਅਤਿ ਸੂਖਮ ਟੋਹੀ ਯੰਤਰਾਂ ਕਾਰਨ ਵਿਦੇਸ਼ੀ ਅੱਤਵਾਦੀਆਂ ਵਾਸਤੇ ਘੁਸਪੈਠ ਕਰਨੀ ਅਸਾਨ ਨਹੀਂ ਹੋਵੇਗੀ। ਇਸ ਤੋਂ ਇਲਾਵਾ ਕਸ਼ਮੀਰੀ ਵੀ ਵਿਦੇਸ਼ੀ ਅੱਤਵਾਦੀਆਂ ਵੱਲੋਂ ਸਥਾਨਕ ਔਰਤਾਂ ਨਾਲ ਕੀਤੀ ਜਾਣ ਵਾਲੀ ਬਦਤਮੀਜ਼ੀ ਅਤੇ ਧੱਕੇਸ਼ਾਹੀ ਕਾਰਨ ਸੁਰੱਖਿਆ ਦਸਤਿਆਂ ਨੂੰ ਉਨ੍ਹਾਂ ਬਾਰੇ ਸੂਚਨਾ ਦੇਣ ਲਈ ਅੱਗੇ ਆਉਣ ਲੱਗ ਪਏ ਹਨ। ਮੋਬਾਇਲ ਫੋਨਾਂ ਅਤੇ ਸੋਸ਼ਲ ਮੀਡੀਆ ਨੇ ਇਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਪਰ ਅੱਤਵਾਦੀ ਵੀ ਨਵੀਆਂ ਤਕਨੀਤਾਂ ਦਾ ਸਹਾਰਾ ਲੈਣ ਲੱਗ ਪਏ ਹਨ। ਪੰਜਾਬ ਵਿੱਚ ਡਰੋਨਾਂ ਰਾਹੀਂ ਸੁੱਟੇ ਜਾ ਰਹੇ ਹਥਿਆਰ ਅਤੇ ਨਸ਼ੇ ਇਸ ਦੀ ਸਭ ਤੋਂ ਨਵੀਨ ਮਿਸਾਲ ਹੈ। ਉਹ ਆਪਣੇ ਅੱਤਵਾਦੀਆਂ ਨੂੰ ਬਾਰਡਰ ਪਾਰ ਕਰਦੇ ਸਮੇਂ ਸੁਰੱਖਿਆ ਦਸਤਿਆਂ ਹੱਥੋਂ ਮਰਨ ਤੋਂ ਬਚਾਉਣ ਲਈ ਸਮੁੰਦਰੀ ਰਸਤੇ ਅਤੇ ਨੇਪਾਲ ਰਾਹੀਂ ਭੇਜ ਰਹੇ ਹਨ। ਇਸ ਤੋਂ ਇਲਾਵਾ ਉਹ ਖੁਦ ਸਾਹਮਣੇ ਆਉਣ ਦੀ ਬਜਾਏ ਵੈੱਬਸਾਈਟਾਂ ਅਤੇ ਸੋਸ਼ਲ ਮੀਡੀਆ ਰਾਹੀਂ ਕਸ਼ਮੀਰ ਤੋਂ ਨਵੇਂ ਰੰਗਰੂਟ ਭਰਤੀ ਕਰ ਰਹੇ ਹਨ। ਕਸ਼ਮੀਰ ਦੀ ਸੁਰੱਖਿਆ ਸਿਰਫ ਸੁਰੱਖਿਆ ਦਸਤਿਆਂ ਰਾਹੀਂ ਹੀ ਨਹੀਂ ਕੀਤੀ ਜਾ ਸਕਦੀ, ਇਸ ਲਈ ਕਸ਼ਮੀਰੀ ਜਨਤਾ ਨੂੰ ਵੀ ਭਾਗੀਦਾਰ ਬਣਾਉਣਾ ਪਵੇਗਾ। ਕਸ਼ਮੀਰ ਵਿੱਚ ਸਫਲਤਾ ਨਾਲ ਕਰਾਈਆਂ ਗਈਆਂ ਪੰਚਾਇਤ, ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦ ਚੋਣਾਂ ਕਾਰਨ ਆਮ ਜਨਤਾ ਵਿੱਚ ਭਾਰਤ ਪ੍ਰਤੀ ਵਤੀਰਾ ਹਾਂ ਪੱਖੀ ਹੋਇਆ ਹੈ ਤੇ ਉਹ ਬੇਸਬਰੀ ਨਾਲ ਅਸੈਂਬਲੀ ਚੋਣਾਂ ਦੀ ਉਡੀਕ ਕਰ ਰਹੇ ਹਨ। ਅੱਤਵਾਦ 'ਤੇ ਬਹੁਤ ਹੱਦ ਤੱਕ ਕੰਟਰੋਲ ਹੋ ਜਾਣ ਕਾਰਨ ਇਸ ਸਾਲ ਗਰਮੀਆਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਸੈਲਾਨੀ ਆਏ, ਜਿਸ ਕਾਰਨ ਕਸ਼ਮੀਰ ਦੇ ਅਰਥਚਾਰੇ ਨੂੰ ਅਰਬਾਂ ਰੁਪਏ ਦਾ ਫਾਇਦਾ ਹੋਇਆ ਹੈ। ਕਸ਼ਮੀਰੀ ਹੁਣ ਪੁਰਾਣੇ ਕਾਲੇ ਦਿਨਾਂ ਵੱਲ ਵਾਪਸ ਨਹੀਂ ਜਾਣਾ ਚਾਹੁੰਦੇ ਜਦੋਂ ਆਏ ਦਿਨ ਕਰਫਿਊ, ਪੱਥਰਬਾਜ਼ੀ ਅਤੇ ਬੰਦ ਦੀਆਂ ਕਾਲਾਂ ਕਾਰਨ ਉਨ੍ਹਾਂ ਦਾ ਕਚੂਮਰ ਨਿਕਲ ਗਿਆ ਸੀ। ਸਰਕਾਰ ਨੂੰ ਕਸ਼ਮੀਰੀਆਂ ਦਾ ਇਹ ਵਿਸ਼ਵਾਸ਼ ਬਣਾਈ ਰੱਖਣਾ ਪਵੇਗਾ ਤਾਂ ਜੋ ਇਥੇ ਤਾਲਿਬਾਨੀ, ਪਾਕਿਸਤਾਨੀ ਤੇ ਸਥਾਨਕ ਅੱਤਵਾਦੀਆਂ ਦੇ ਦੁਬਾਰਾ ਪੈਰ ਨਾ ਲੱਗ ਸਕਣ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Gagandeep Jattana
639 742 0203
639 999 1000
Email-gaganjattana0203@gmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਹੁਣ ਵੈਕਸੀਨੇਸ਼ਨ ਸਬੂਤ ਦਿਖਾ ਕੇ ਹੀ ਵਿਆਹਾਂ ਸ਼ਾਦੀਆਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋਇਆ ਜਾ ਸਕੇਗਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿੱਚ 75 ਸਾਲ ਅਤੇ ਇਸ ਤੋਂ ਉਪਰ ਉਮਰ ਦੇ ਬਜ਼ੁਰਗਾਂ ਵਾਸਤੇ ਅਤੇ ਮੂਲ ਨਿਵਾਸੀ ਭਾਈਚਾਰੇ ਦੇ 65 ਸਾਲ ਅਤੇ ਇਸ ਤੋਂ ਉਪਰ ਉਮਰ ਦੇ ਵਿਅਕਤੀਆਂ ਲਈ ਕੋਰੋਨਾ ਵਾਇਰਸ ਤੋਂ ਬਚਾਅ ਵਾਸਤੇ ਤੀਸਰੀ ਬੂਸਟਰ ਡੋਜ਼ ਲਗਵਾਉਣ ਲਈ ਬੁਕਿੰਗ ਸ਼ੁਰੂ ਹੋ ਰਹੀ ਹੈ। ਸੂਬੇ ਭਰ ਦੇ ਸਕੂਲਾਂ ਵਿੱਚ ਰੈਪਿਡ ਟੈਸਟ ਸ਼ੁਰੂ ਕੀਤੇ ਜਾ ਰਹੇ ਹਨ ਤੇ ਪਬਲਿਕ ਰਿਪੋਰਟਿੰਗ ਮੁੜ ਤੋਂ ਚਾਲੂ ਕੀਤੀ ਜਾ ਰਹੀ ਹੈ ਤੇ 12 ਅਕਤੂਬਰ ਤੋਂ ਕੌਨਟੈਕਟ ਟ੍ਰੇਸਿੰਗ ਵੀ ਮੁੜ ਚਾਲੂ ਹੋ ਗਈ ਹੈ। ਪ੍ਰੀਮੀਅਰ ਨੇ ਸਕੂਲ ਬੋਰਡਾਂ ਨੂੰ ਕਿਹਾ ਹੈ ਕਿ ਉਹ




ਸਕੂਲਾਂ ਵਿੱਚ ਵੈਕਸਿਨੇਸ਼ਨ ਲਾਜ਼ਿਮ ਕਰਨ ਦਾ ਬੰਦੋਬਸਤ ਕਰਨ। ਜਿਹਨਾਂ ਸਕੂਲਾਂ ਵਿੱਚ 2 ਜਾਂ ਇਸ ਤੋਂ ਵੱਧ ਕੇਸ ਹੋਣਗੇ, ਐਲਬਰਟਾ ਹੈਲਥ ਵੱਲੋਂ ਉਹਨਾਂ ਬਾਰੇ ਜਨਤਕ ਰਿਪੋਰਟਿੰਗ ਸ਼ੁਰੂ ਕੀਤੀ ਜਾ ਰਹੀ ਹੈ। ਸੂਬੇ ਦੇ ਹੈਲਥ ਮਨਿਸਟਰ ਜੇਸਨ ਕੌਪਿੰਗ ਨੇ ਇਸ ਮੌਕੇ ਕਿਹਾ ਕਿ ਆਊਟਡੋਰ ਪ੍ਰਾਇਵੇਟ ਪਬਲਿਕ ਇਕੱਠਾਂ ਵਿੱਚ ਸ਼ਾਮਿਲ ਹੋ ਸਕਣ ਵਾਲੇ ਵਿਅਕਤੀਆਂ ਦੀ ਗਿਣਤੀ 200 ਤੋਂ ਘਟਾ ਕੇ 20 ਕੀਤੀ ਜਾ ਰਹੀ ਹੈ। ਵਿਆਹਾਂ ਨੂੰ ਰੈਸਟ੍ਰਿਕਸ਼ਨਜ਼ ਐਗਜ਼ੈਪਸ਼ਨ ਪ੍ਰੋਗਰੈਮ ਤਹਿਤ ਲਿਆਂਦਾ ਗਿਆ ਹੈ, ਭਾਵ ਵੈਕਸਿਨੇਸ਼ਨ ਸਬੂਤ ਦਿਖਾ ਕੇ ਇਹਨਾਂ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋਇਆ ਜਾ ਸਕੇਗਾ।



























# ਸੁੰਨੀਆਂ ਖੱਡਾਂ 'ਚ ਹੱਥ-ਮਿਸ਼ਨ ਰੈੱਡ ਸਟਾਰ



ਬਲਵਿੰਦਰ ਕੌਰ ਬਰਾੜ
403-590-9629

ਗੁਰਚਰਨ ਕੌਰ ਥਿੰਦ ਕੈਲਗਰੀ ਦੇ ਪੰਜਾਬੀ ਜਗਤ ਵਿੱਚ ਜਾਣਿਆ ਪਛਾਣਿਆ ਅਜਿਹਾ ਨਾਮ ਹੈ ਜਿਸਨੂੰ ਬਹੁਪੱਖੀ ਜਾਂ ਹਰਕਤੀ ਬਰਕਤੀ ਕਿਰਦਾਰ ਕਿਹਾ ਜਾ ਸਕਦਾ ਹੈ। ਸਮਾਜਕ ਭਲਾਈ ਦੇ ਕੰਮ ਵੇਖ ਕੇ ਉਸ ਨੂੰ ਚਾਅ ਚੜ੍ਹ ਜਾਂਦਾ ਹੈ। ਸਾਹਿਤਕ ਜਗਤ ਵਿੱਚ ਵੀ ਉਸ ਦੀ ਦੇਣ ਨੂੰ ਅਣਗੌਲ਼ਿਆ ਨਹੀਂ ਕੀਤਾ ਜਾ ਸਕਦਾ। ਉਸ ਨੇ ਕਈ ਕਹਾਣੀਆਂ ਦੀਆਂ ਰਚਨਾਵਾਂ ਅਤੇ ਕਈ ਨਾਵਲ ਪਾਠਕ ਜਗਤ ਨੂੰ ਦੇ ਕੇ ਆਪਣਾ ਯੋਗਦਾਨ ਪਾਇਆ ਹੈ। ਹਥਲੀ ਪੁਸਤਕ 'ਮਿਸ਼ਨ ਰੈੱਡ ਸਟਾਰ' ਨੂੰ 'ਚੰਦਰਯਾਨ-ਤਿਸ਼ਕਿਨ' ਦਾ ਵਿਸਤਾਰ ਕਹਿ ਲੈਣਾ ਵੀ ਗਲਤ ਨਹੀਂ ਹੋਵੇਗਾ। ਇਸ ਰਚਨਾ ਵਿਚਲੇ ਦੋ ਪਾਤਰ ਤਿਸ਼ ਅਤੇ ਕਿਨ ਆਪਣੀ ਪਹਿਲੀ ਚੰਦ ਵਲ ਯਾਤਰਾ ਦੇ ਅਨੁਭਵ ਅਤੇ ਤਜੁਰਬੇ ਨਾਲ ਹਾਜ਼ਰ ਹਨ। ਇਸ ਰਚਨਾ ਸਬੰਧੀ ਗੁਰਚਰਨ ਥਿੰਦ ਦੇ ਆਪਣੇ ਸ਼ਬਦ ਵੀ ਪੁਸ਼ਟੀ ਕਰਦੇ ਹਨ- 'ਨਾਵਲ 'ਮਿਸ਼ਨ ਰੈੱਡ ਸਟਾਰ' ਵਿਗਿਆਨਕ ਤੱਥਾਂ ਨਾਲ ਭਰਪੂਰ ਮਨੁੱਖ ਦੇ ਭਵਿੱਖੀ ਸੁਪਨੇ ਦਰਸਾਉਂਦੀ ਕਾਲਪਨਿਕ ਸਾਹਿਤਕ ਰਚਨਾ ਹੈ।' ਸੋ ਸਪਸ਼ਟ ਹੈ ਕਿ ਇਹ ਸਾਡੇ ਦੁਆਲੇ ਮੰਡਰਾ ਰਹੇ ਵਿਗਿਆਨਕ ਗਿਆਨ ਦੇ ਕਈ ਕਣਾਂ ਨੂੰ ਇਕੱਤਰ ਕਰਕੇ ਸਾਡੀ ਭਵਿੱਖ ਬਾਰੇ ਉਤਸੁਕਤਾ ਨੂੰ ਇੱਕ ਰਾਹ ਦਰਸਾ ਰਹੀ ਰਚਨਾ ਹੈ। ਜੋ ਪਾਠਕ ਮੇਰੇ ਵਰਗੇ ਅਜਿਹੇ ਤੱਥਾਂ ਨੂੰ ਅਣਗੌਲ਼ਿਆਂ ਹੀ ਰਖਦੇ ਹਨ ਜਾਂ ਇਨ੍ਹਾਂ ਸਵਾਲਾਂ ਦੇ ਰੂ-ਬ-ਰੂ ਹੋਣ ਲਈ ਸਮਾਂ ਨਹੀਂ ਕਢਦੇ ਉਨ੍ਹਾਂ ਪਾਠਕਾਂ ਲਈ ਇਹ ਰਚਨਾ ਪਹਿਲੀ ਪੜ੍ਹਤ ਸਮੇਂ ਬਸ ਉਪਰੋਂ ਦੀ ਹੀ ਲੰਘ ਜਾਂਦੀ ਹੈ। ਪਰ ਇਸ ਦੀਆਂ ਅੰਦਰਲੀਆਂ ਪਰਤਾਂ ਵਿਚ ਇਹ ਨੁਕਤਾ ਉਭਰਦਾ ਹੈ ਕਿ ਜੇ ਅਸੀਂ ਅਤੀਤ ਵਲ ਵੇਖ ਕੇ ਹੀ ਨਹੀਂ ਝੂਰਨਾ ਅਤੇ ਵਰਤਮਾਨ ਨੂੰ ਰੱਜ ਕੇ ਜਿਉਣਾ ਹੈ ਤਾਂ ਆ ਰਹੇ ਸਮੇਂ ਦੀਆਂ ਸੰਭਾਵਨਾਵਾਂ ਵਲ ਵੇਖ ਕੇ ਆਸਵੰਦ ਵੀ ਹੋਣਾ ਹੈ। ਇਸ ਰਚਨਾ ਵਿੱਚ ਕਹਾਣੀ ਰਸ ਜਾਂ ਸਾਹਿਤਕ ਬਣਤਰ ਦੀ ਥਾਂ ਵਿਗਿਆਨਕ ਤੱਥ ਵਧੇਰੇ ਭਾਰੂ ਰਹੇ ਹਨ। ਇਉਂ ਲਗਦਾ ਹੈ ਕਿ ਪਾਤਰ, ਕਹਾਣੀ ਜਾਂ ਉਸਰਦੀ ਵਾਰਤਾਲਾਪ ਸਭ ਹੀ ਪ੍ਰਾਪਤ ਗਿਆਨ ਦੀ ਕੜੀ ਜੋੜਨ ਲਈ ਅਧਾਰ ਜਾਂ ਮਾਧਿਅਮ ਬਣਦੇ ਹਨ। ਅਜੀਤ ਪਾਲ ਅਤੇ ਕੈਥੀ ਦੀ ਆਪਸੀ ਗਲਬਾਤ ਹੀ ਪ੍ਰਾਪਤ ਗਿਆਨ ਦੇ ਤੱਥਾਂ ਨੂੰ ਅਗੇ ਤੋਰਦੀ ਹੈ। ਸਾਡੇ ਆਲੇ ਦੁਆਲੇ ਖਿਲਰੇ, ਕਿਆਸੇ ਜਾਂ ਅਣਗੌਲ਼ੇ ਕੀਤੇ ਕਈ ਤੱਥ ਥਿੰਦ ਨੇ ਕਾਲਪਨਿਕ ਪੁੱਠ ਦੇ ਕੇ ਇੱਕ ਕਹਾਣੀ ਵਿੱਚ ਪਰੋ ਦੇਣ ਦਾ ਉਪਰਾਲਾ ਕੀਤਾ ਹੈ। ਇਸ ਰਚਨਾ ਵਿੱਚ ਅਣਦੇਖੀ ਜਾਂ ਅਣਗਾਹੀ ਧਰਤ ਵਲ ਮਨੁੱਖ ਦੇ ਵਧਦੇ ਕਦਮ ਨਾਲ ਇੱਕ ਉਤਸੁਕਤਾ ਉਪਜਦੀ ਹੈ। ਪੂਰੀ ਰਚਨਾ ਵਿਚ ਦਿਲ ਦੀ ਥਾਂ ਦਿਮਾਗੀ ਸੋਚ ਭਾਰੂ ਰਹੀ ਹੈ।




ਪਾਠਕ ਅਣਦਿਸਦੇ ਸੰਸਾਰ ਦਾ ਭ੍ਰਮਣ ਹੀ ਕਰਦੇ ਪ੍ਰਤੀਤ ਨਹੀਂ ਹੁੰਦੇ ਸਗੋਂ ਇਸ ਧਰਤੀ ਅਤੇ ਮੰਗਲ ਦੀ ਧਰਤੀ ਦੇ ਕਈ ਅਜੇਹੇ ਤੱਥ ਵੀ ਉਜਾਗਰ ਹੁੰਦੇ ਹਨ ਜਿੰਨਾ ਕਰਕੇ ਅਸੀਂ ਉਸ ਨੂੰ ਪਾ ਲੈਣ ਵਲ ਅਗਰਸਰ ਹੁੰਦੇ ਹਾਂ। ਆਧੁਨਿਕ ਮਨੁੱਖ ਦੀ ਉਤਸੁਕਤਾ ਰਹੀ ਹੈ ਕਿ ਆ ਰਿਹਾ ਸਮਾਂ ਵਿਗਿਆਨਕ ਪ੍ਰਾਪਤੀਆਂ ਨਾਲ ਕੀ ਸੰਭਾਵਨਾਵਾਂ ਨਾਲ ਉਜਾਗਰ ਹੋ ਸਕਦਾ ਹੈ। ਇਹ ਰਚਨਾ ਉਸ ਵਲ ਸੰਕੇਤ ਕਰਦੀ ਇਸ ਨੂੰ ਪਾ ਲੈਣ ਦੀਆਂ ਔਕੜਾਂ ਵੀ ਦਰਸਾ ਰਹੀ ਰਚਨਾ ਹੈ। ਇਕ ਨਵੀਂ ਦੁਨੀਆਂ ਵਿਚ ਮਨੁੱਖੀ ਪਰਵੇਸ਼ ਦੇ ਦਰਪੇਸ਼ ਆ ਰਹੀਆਂ ਚਣੌਤੀਆਂ ਦਾ ਜ਼ਿਕਰ ਛੋਹਿਆ ਹੈ ਪਰ ਉਨ੍ਹਾਂ ਦੀ ਅੰਦਰੂਨੀ ਪਰਤ ਛੋਹਣੀ ਬਾਕੀ ਹੈ। ਚੰਨ ਤੇ ਉਤਰਨ ਦੀ ਕੜੀ ਨੂੰ ਨਾਲ ਜੋੜਦਿਆਂ ਇਸ ਹੰਢਾਈ ਵਰਤੀ ਧਰਤੀ ਦਾ ਮਾਰਜ਼ ਨਾਲ ਟਾਕਰਾ ਕਰਦਿਆਂ ਥਿੰਦ ਅਨੁਸਾਰ ਉਸ ਧਰਤੀ ਤੇ ਸਰਦੀ ਤੇ ਗਰਮੀ ਦੀ ਇੰਤਹਾ, ਪਾਣੀ ਦੀ ਨਿਸਹੋਂਦ, ਬਰਫ਼ ਦੀ ਮੋਟੀ ਤਹਿ ਜਿਹੀਆਂ ਔਕੜਾਂ ਹਨ। ਥਿੰਦ ਨੇ ਆਪਣੀ ਕਲਪਨਾ ਨਾਲ ਜਾਂ ਇੱਕਤਰ ਤੱਥਾਂ ਦੇ ਅਧਾਰ ਤੇ ਇਨ੍ਹਾਂ ਤਲਖ਼ ਹਕੀਕਤਾਂ ਦਾ ਸਮਾਧਾਨ ਵੀ ਪੇਸ਼ ਕੀਤਾ ਹੈ। ਇਹ ਯਾਤਰਾ ਕਰਦਿਆਂ ਕਈ ਸਵਾਲ ਸਿਰ ਚੁੱਕਦੇ ਹਨ ਇਨ੍ਹਾਂ ਦੇ ਨਿੱਕੇ ਨਿੱਕੇ ਵੇਰਵੇ ਵੱਡਾ ਅਰਥ ਸਿਰਜਦੇ ਸਾਡੇ ਅੱਗੇ ਵਿਕਰਾਲ ਰੂਪ ਧਾਰਦੇ ਲਗਦੇ ਇਕ ਸਹਿਮ ਵੀ ਸਿਰਜਦੇ ਹਨ। ਜੇ ਸੌਖੀ ਭਾਸ਼ਾ ਵਿੱਚ ਕਿਹਾ ਜਾਵੇ ਸੁੰਨੀਆਂ ਖੱਡਾਂ ਵਿਚ ਹੱਥ ਪਾਉਣ ਲਈ ਜਿਗਰਾ ਚਾਹੀਦਾ ਹੈ, ਉੱਥੇ ਸੱਪ ਵੀ ਹੋ ਸਕਦਾ ਹੈ। ਅਣਦਿਸਦੇ ਜਗਤ ਵਿੱਚ ਪਰਵੇਸ਼ ਕਰਦੇ ਅਸੀਂ ਕੇਵਲ ਪ੍ਰਾਪਤੀ ਗਾਥਾ ਹੀ ਨਹੀਂ ਛੋਹ ਸਕਦੇ ਉਥੋਂ ਦੀਆਂ ਦੀਆਂ ਦੁਸ਼ਵਾਰੀਆਂ ਵੀ ਸਾਡੇ ਲਈ ਮੂੰਹ ਅੱਡੀ ਖੜੀਆਂ ਹੋਣਗੀਆਂ। ਅਸੀਂ ਜਦੋਂ ਆਪਣਾ ਮੁਲਕ ਛੱਡ ਕੇ ਇਥੇ ਕਨੇਡਾ ਆ ਵੱਸਣ ਲਗਿਆਂ ਨੇ ਸਭ ਸਹੂਲਤਾਂ ਦੇ ਹੁੰਦਿਆਂ ਵੀ ਕਈ ਚਣੌਤੀਆਂ ਦਾ ਸਾਹਮਣਾ ਕੀਤਾ ਹੈ ਤਾਂ ਬਿਗਾਨੀ ਧਰਤ ਤੇ ਬਿਨਾ ਕਿਸੇ ਸਹੂਲਤ ਦੇ ਜਾ ਉਤਰਨਾ ਖਤਰੇ ਤੋਂ ਖਾਲੀ ਨਹੀਂ ਕਿਆਸਿਆ ਜਾ ਸਕਦਾ। ਗੁਰਚਰਨ ਥਿੰਦ ਨੇ ਲਾਂਗ ਡਿਸਟੈਂਸ ਸ਼ਾਟ ਦੇ ਪ੍ਰਯੋਗ ਨਾਲ ਵਿਗਿਆਨਕ ਤੱਥਾਂ ਦੇ ਅਧਾਰ ਤੇ ਪ੍ਰਤੱਖਣ ਬੋਧ ਵਿੱਚ ਵੱਖਰਾ ਕਰ ਵਿਖਾਣ ਦਾ ਸੁਪਨਾ ਸਿਰਜਿਆ ਹੈ। ਹਰ ਮਨ ਵਿਚ ਅਜਿਹੀ ਲਾਲਸਾ ਜਗਾ ਦੇਣ ਲਈ ਉਹ ਵਧਾਈ ਦੀ ਪਾਤਰ ਹੈ। ਪਰ ਚੇਤੰਨ ਹੋ ਕੇ ਕਿਸੇ ਸੰਕਲਪ ਬਾਰੇ ਗੱਲ ਕਰਦਿਆਂ ਫਿਕਸ਼ਨ ਤੇ ਸਾਇੰਸ ਦਾ ਆਪਸੀ ਤਾਲ ਮੇਲ ਜਾਂ ਤਵਾਜ਼ਨ ਬਰਕਰਾਰ ਰਖਣਾ ਔਖਾ ਹੋ ਜਾਂਦਾ ਹੈ। ਜਿੰਵੇਂ ਪਲਕ ਝਪਕਦਿਆਂ ਹੀ ਨਾਵਲ ਵਿੱਚ ਮੰਗਲ ਗ੍ਰਹਿ ਵਿਖੇ ਬਸਤੀਆਂ ਦਾ ਵਸ ਜਾਣਾ ਜਾਂ ਉੱਥੇ ਵਸੀਆਂ ਕਲੋਨੀਆਂ, ਇਮਾਰਤਾਂ, ਹੋ ਰਹੇ ਸਮਾਗਮਾਂ ਵਿੱਚ ਸ਼ਾਮਲ ਹੋਣਾ, ਸਪੇਸਸ਼ਿਪ ਦਾ ਸ਼ਟੱਲ ਬਸਾਂ ਵਾਂਗ ਆਵਾਜਾਈ ਕਰਨਾ ਆਦਿ ਸਭ ਹੱਥਾਂ ਤੇ ਸਰੋਂ ਜਮਾ ਲੈਣ ਵਰਗਾ ਕਾਰਜ ਲਗਦਾ ਹੈ। ਇੱਕ ਸਵਾਲ ਲੇਖਿਕਾ ਤੇ ਕੀਤਾ ਜਾ ਸਕਦਾ ਹੈ। ਜਦੋਂ ਨਵੀਂ ਧਰਤ ਉਪਰ ਨਵਾਂ ਸੁਪਨ-ਸੰਸਾਰ ਵਸਾ ਹੀ ਲਿਆ ਕੀ ਉਹ ਧਰਤ ਦੀਆਂ ਸੌੜੀਆਂ ਧਾਰਮਿਕ ਭਾਵਨਾਵਾਂ ਜਾਂ ਅਲਾਮਤਾਂ ਤੋਂ ਰਹਿਤ ਨਹੀਂ ਹੋ ਸਕਦਾ? ਜਿੱਥੇ ਇਕ ਸੁਪਨ-ਸੰਸਾਰ ਅਤੇ ਵਿਗਿਆਨਕ ਸੋਚ ਅਧੀਨ ਪਲਦਾ ਸਮੁੱਚੀ ਇਨਸਾਨੀਅਤ ਦੀ ਭਲਾਈ ਵਾਲਾ ਸੰਸਾਰ ਹੋ ਸਕੇ।

ਗੁਰਚਰਨ ਕੌਰ ਥਿੰਦ ਦੀ ਇਹ ਰਚਨਾ ਇਕ ਪ੍ਰਯੋਗ ਦੇ ਰਾਹ ਵਿੱਚ ਮੀਲ ਪੱਥਰ ਕਹੀ ਜਾ ਸਕਦੀ ਹੈ ਜੋ ਕਾਲਪਨਿਕ ਪੁੱਠ ਨਾਲ ਯਥਾਰਥ ਬਾਰੇ ਨਵੀਆਂ ਕਿਆਸ ਅਰਾਈਆਂ ਕਰਨ ਵਲ ਯਤਨਸ਼ੀਲ ਹੈ। ਭਵਿੱਖੀ ਪਸਾਰ ਨੂੰ ਮੁੱਖ ਰੱਖ ਕੇ ਇਹ ਸੁਪਨ-ਸੰਸਾਰ ਦੀ ਸਿਰਜਨਾ ਵਲ ਵਧਦੇ ਆਸ਼ੇ ਦੀ ਬਾਤ ਹੈ। ਨਾਵਲ ਦੀ ਤੇਜ਼ ਰਫ਼ਤਾਰ ਨੇ ਇਕ ਵਿਸ਼ਾਲ ਸਮੇਂ ਜਾਂ ਤਿੰਨਾਂ ਪੀੜੀਆਂ ਤੱਕ ਪਸਰੇ ਅਨੁਭਵ ਨੂੰ ਸਮੇਟਦਿਆਂ ਵਿਗਿਆਨਕ ਸੋਚ ਦੀ ਚਿਣਗ ਪਾਲੀ ਹੈ। ਔਰਤ ਮਰਦ ਦੇ ਆਪਸੀ ਨਿਭਦੇ ਰਿਸ਼ਤੇ ਦੀ ਆਮ ਧਾਰਨਾ ਤੋਂ ਹਟ ਕੇ ਕਿਸੇ ਜਨੂੰਨ ਨਾਲ ਆਪਣੇ ਟੀਚੇ ਦੀ ਪ੍ਰਾਪਤੀ ਵਲ ਵਧਦੇ ਕਦਮਾਂ ਦੀ ਗਾਥਾ ਹੈ। ਪਾਤਰਾਂ ਦੇ ਅੰਦਰਲੀ ਟੁੱਟ ਭੱਜ ਦੀ ਥਾਂ ਭਵਿੱਖਾਰਥੀ ਅਰਥ ਸਿਰਜਦੀ ਰਚਨਾ ਹੈ। ਕਈ ਥਾਈਂ ਸੁਪਨੇ ਵਿਚ ਪਾਤਰ ਇਸ ਧਰਤੀ ਦਾ ਹਾਲ ਬਿਆਨ ਕਰਦੇ ਸਰੀਰਕ ਤੌਰ ਤੇ ਵਖਰੇ ਸੰਸਾਰ ਵਿੱਚ ਜਾ ਬਿਰਾਜਦੇ ਹਨ। ਇਉਂ ਮਾਨਸਿਕ ਦੁਫ਼ੇੜ ਚਿਤਰਦਿਆਂ ਲੇਖਿਕਾ ਦੇ ਸ਼ਬਦ ਹਨ- ਉਅਚਾਨਕ ਜਿੰਵੇਂ ਰੀਲ ਵਿਚਾਲਿਓਂ ਟੁੱਟ ਗਈ ਹੋਵੇ। ਚੱਲਦਾ ਚੱਲਦਾ ਯੰਤਰ ਕੜੱਕ ਕਰਕੇ ਬੰਦ ਹੋ ਗਿਆ ਹੋਵੇ। ਉਸਦੀ ਨੀਂਦਰ ਟੁੱਟ ਗਈ। ਕੁਝ ਪਲਾਂ ਲਈ ਉਹ ਭੌਂਚਕਾ ਜਿਹਾ ਹੋਏ ਬੀਤੇ ਨੂੰ ਸੋਚਦਾ ਸੁਪਨਮਈ ਦਿਮਾਗੀ ਹਲਚਲ ਦੀਆਂ ਕੜੀਆਂ ਨੂੰ ਜੋੜਦਾ ਲੇਟਿਆ ਰਿਹਾ।" (ਪੰਨਾ-67)

ਗੁਰਚਰਨ ਥਿੰਦ ਨੇ ਆਪਣੀ ਕਲਪਨਾ ਨੂੰ ਤੱਥਾਂ ਤੇ ਅਧਾਰਿਤ ਕਰਦਿਆਂ ਬੁਨਿਆਦੀ ਸੱਚ ਦੀ ਤੀਖਣਤਾ ਨੂੰ ਕਾਇਮ ਰਖਿਆ ਹੈ ਇਸੇ ਲਈ ਪਾਠਕ ਮਨ ਵਿੱਚ ਬੇਭਰੋਸਗੀ ਨਹੀਂ ਪਨਪਦੀ, ਸਾਨੂੰ ਇਹ ਸਭ ਸ਼ੇਖ ਚਿਲੀ ਦੇ ਸੁਪਨੇ ਵਰਗਾ ਨਹੀਂ ਜਾਪਦਾ। ਆ ਰਹੇ ਸਮੇਂ ਦੀ ਕੁੱਖ ਵਿਚ ਪਲਦੀਆਂ ਇਨ੍ਹਾਂ ਸੰਭਾਵਨਾਵਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਅਜਿਹੀਆਂ ਰਚਨਾਵਾਂ ਆਮ ਪੱਧਰ ਦੀ ਸੋਚ ਅਤੇ ਸਮਝ ਤੋਂ ਵਖਰੀਆਂ ਹੁੰਦੀਆਂ ਹਨ। ਆਮ ਲੋਕ ਕਹਾਣੀ ਰਸ ਤੱਕ ਹੀ ਅਪੜਦੇ ਇੰਨਾ ਸੰਭਾਵੀ ਰੁਚੀਆਂ ਵਲ ਘਟ ਗੌਰ ਕਰਦੇ ਹਨ ਪਰ ਸਾਨੂੰ ਚੇਤਨ ਹੋ ਕੇ ਅਜਿਹੀਆਂ ਰਚਨਾਵਾਂ ਦਾ ਸਵਾਗਤ ਕਰਨਾ ਬਣਦਾ ਹੈ ਜੋ ਭਵਿੱਖੀ ਸੰਸਾਰ ਸਿਰਜ ਕੇ ਇਸ ਦਿਸਦੇ ਜਗਤ ਦੀਆਂ ਕਈ ਸਮੱਸਿਆਵਾਂ ਦਾ ਇਕ ਕਲਿਆਣਕਾਰੀ ਹੱਲ ਸੁਝਾਅ ਰਹੀਆਂ ਹਨ।

## ਜੇ ਜੋਤੀ ਗੌਂਡੇਕ ਚੋਣ ਜਿੱਤ ਜਾਂਦੇ ਹਨ ਤਾਂ ਉਹ ਕੈਲਗਰੀ ਦੀ ਭਾਰਤੀ ਮੂਲ ਦੀ ਅਤੇ ਸ਼ਹਿਰ ਦੀ ਪਹਿਲੀ ਔਰਤ ਮੇਅਰ ਹੋਵੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੀਬੀਸੀ ਵੱਲੋਂ ਕਰਵਾਏ ਗਏ ਇੱਕ ਪੋਲ ਸਰਵੇਖਣ ਵਿੱਚ ਮੇਅਰ ਦੇ ਅਹੁਦੇ ਵਾਸਤੇ ਡਾ. ਜੋਤੀ ਗੌਂਡੇਕ ਦਾ ਨਾਮ ਇਸ ਸਮੇਂ ਸਭ ਤੋਂ ਅੱਗੇ ਚੱਲ ਰਿਹਾ ਦੱਸਿਆ ਜਾਂਦਾ ਹੈ ਤੇ ਕੌਂਸਲਰ ਜੈਰੋਮੀ ਫਾਰਕਸ ਦੂਜੇ ਨੰਬਰ 'ਤੇ ਆ ਗਏ ਹਨ। ਮਨ ਬਣਾ ਚੁੱਕੇ ਵੋਟਰਾਂ ਵਿੱਚੋਂ 40% ਨੇ ਜੋਤੀ ਗੌਂਡੇਕ ਨੂੰ ਅਤੇ 32% ਨੇ ਜੈਰੋਮੀ ਫਾਰਕਸ ਨੂੰ ਵੋਟ ਦੇਣ ਦੀ ਗੱਲ ਕਹੀ ਹੈ ਜਦੋਂ ਕਿ ਜੈਫ ਡੇਵੀਸਨ ਨੂੰ ਸਿਰਫ਼ 11% ਲੋਕਾਂ ਦਾ ਸਮਰਥਨ ਮਿਲਦਾ ਦਰਸਾਇਆ ਗਿਆ ਹੈ। ਬਾਕੀ ਦੇ ਉਮੀਦਵਾਰ ਕਾਫੀ ਪਿੱਛੇ ਚੱਲ ਰਹੇ ਦੱਸੇ ਗਏ ਹਨ। ਇਸ ਸਮੇਂ ਐਡਵਾਂਸ ਪੋਲਿੰਗ ਹੋ ਰਹੀ ਹੈ ਤੇ ਵੋਟਾਂ ਪਾਉਣ ਦਾ ਨਿਰਧਾਰਿਤ ਦਿਨ 18 ਅਕਤੂਬਰ ਹੈ ਤੇ ਚੋਣ ਨਤੀਜੇ ਵੀ ਉਸੇ ਦਿਨ ਆ ਜਾਣਗੇ। ਨਾਮ ਦੀ ਪਛਾਣ ਦੇ ਮਾਮਲੇ 'ਤੇ 66% ਲੋਕਾਂ ਦਾ ਕਹਿਣਾ ਸੀ ਕਿ ਉਹਨਾਂ ਨੇ ਡਾ. ਜੋਤੀ ਗੌਂਡੇਕ ਦਾ ਨਾਮ ਸੁਣਿਆ ਹੈ ਜਦੋਂ ਕਿ ਜੈਰੋਮੀ ਫਾਰਕਸ ਨੂੰ ਜਾਣਨ ਵਾਲਿਆਂ ਦੀ ਗਿਣਤੀ 73% ਦੱਸੀ ਜਾਂਦੀ ਹੈ। ਜੇ ਜੋਤੀ ਗੌਂਡੇਕ ਚੋਣ ਜਿੱਤ ਜਾਂਦੇ ਹਨ ਤਾਂ ਉਹ ਕੈਲਗਰੀ ਦੀ ਭਾਰਤੀ ਮੂਲ ਦੀ ਅਤੇ ਸ਼ਹਿਰ ਦੀ ਪਹਿਲੀ ਔਰਤ ਮੇਅਰ ਹੋਵੇਗੀ।




## ਐਡਮੰਟਨ ਸਕੂਲ ਬੋਰਡ ਨੇ ਮੰਗ ਕੀਤੀ ਹੈ ਕਿ ਕੋਵਿਡ-19 ਦੇ ਫੈਲਾਅ ਨੂੰ ਵੇਖਦਿਆਂ ਸਕੂਲਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਬੋਰਡ ਔਫ਼ ਐਜੁਕੇਸ਼ਨ - ਸੀ.ਬੀ.ਈ. ਨੇ ਆਪਣੇ ਸਾਰੇ ਕਰਮਾਚਰੀਆਂ, ਵਲੰਟੀਅਰਾਂ ਅਤੇ ਪਾਰਟਨਰਾਂ ਵਾਸਤੇ ਕੋਵਿਡ-19 ਤੋਂ ਬਚਾਅ ਲਈ ਵੈਕਸਿਨ ਲੈਣਾ ਲਾਜ਼ਿਮ ਕਰਨ ਦਾ ਫੈਸਲਾ ਲਿਆ ਹੈ। ਬੋਰਡ ਦੇ ਚੀਫ਼ ਸੁਪਰਿੰਟੈਂਡੈਂਟ ਕ੍ਰਿਸਟੌਫ਼ਰ ਉਸੀ ਦਾ ਕਹਿਣਾ ਹੈ ਕਿ 17 ਦਸੰਬਰ ਤੱਕ ਸਾਰੇ ਸਟਾਫ਼ ਮੈਂਬਰਾਂ ਲਈ ਵੈਕਸਿਨ ਲੱਗੀ ਹੋਣੀ ਲਾਜ਼ਿਮ ਕਰ ਦਿੱਤੀ ਗਈ ਹੈ। ਇਸ ਸੂਚੀ ਵਿੱਚ ਕੌਂਟ੍ਰੈਕਟਸ 'ਤੇ ਕੰਮ ਕਰਨ ਵਾਲਿਆਂ, ਸੀਬੀਈ ਦੀ ਬਿਲਡਿੰਗ ਵਿੱਚ ਕਿਰਾਏ 'ਤੇ ਰਹਿੰਦੇ ਵਿਅਕਤੀਆਂ, ਵਲੰਟੀਅਰਾਂ ਅਤੇ ਬੋਰਡ ਨਾਲ ਪਾਰਟਨਰਸ਼ਿਪ ਕਰਨ ਵਾਲਿਆਂ ਨੂੰ ਸ਼ਮਿਲ ਕੀਤਾ ਗਿਆ ਹੈ। ਉੱਧਰ, ਐਡਮੰਟਨ ਸਕੂਲ ਬੋਰਡ ਨੇ ਐਲਬਰਟਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੋਵਿਡ-19 ਦੇ ਸਕੂਲੀ ਵਿਦਿਆਰਥੀਆਂ ਵਿੱਚ ਅਚਾਨਕ ਹੋਏ ਫੈਲਾਅ ਨੂੰ ਵੇਖਦਿਆਂ ਸਕੂਲਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਤੇ ਔਨ-ਲਾਇਨ ਪੜ੍ਹਾਈ ਕਰਵਾਉਣ ਦਾ ਐਲਾਨ ਕਰਨਾ ਚਾਹੀਦਾ ਹੈ। ਬੋਰਡ ਨੇ ਇਕ ਮੋਸ਼ਨ ਪਾਸ ਕਰਕੇ ਸੂਬਾ ਸਰਕਾਰ ਨੂੰ ਭੇਜਿਆ ਹੈ ਜਿਸ ਵਿੱਚ ਇਹ ਮੰਗ ਕੀਤੀ ਗਈ ਹੈ।





ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: • Airline Tickets • Tour Packages • Cruises • Travel Insurance • Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ • ਏਅਰਲਾਈਨਜ਼ ਟਿਕਟ • ਟੂਰ ਪੈਕੇਜ਼ • ਕਰੂਜ਼ਜ • ਟਰੈਵਲ ਇੰਸ਼ੋਰੈਂਸ • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets: Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫ਼ੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਂਗੇ !

## ਸਾਡਾ ਵਿਰਸਾ

# ਇਉਂ ਸਾਈਕਲ ਚਲਾਉਂਦਿਆਂ ਬੜੇ ਪਜਾਮੇਂ ਪੜਵਾਏ ਸਨ




95691-49556
ਸ੍ਰੀ ਮੁਕਤਸਰ ਸਾਹਿਬ

ਬਚਪਨ ਵਾਕਿਆ ਹੀ ਬਾਦਸ਼ਾਹ ਹੁੰਦੈ ਨਾ ਚੜ੍ਹੀ ਦੀ ਨਾ ਲੱਥੀ ਦੀ ਹੁੰਦੀ ਸੀ। ਜੇਕਰ ਕੁੱਝ ਯਾਦ ਹੈ ਤਾਂ ?ਹ ਹੈ ਸਿਰਫ਼ ਆਪਣੀ ਅੜੀ ਪੁਗਾਉਣੀ।ਜੋ ਵੀ ਮੂੰਹੋਂ ਕੱਢਣਾ ਮਾਪਿਆਂ ਤੋਂ ਮਨਵਾ ਹੀ ਛੱਡਣਾ। ਹਰ ਛੋਟੇ ਬੱਚੇ ਨੂੰ ਆਮ ਕਹਾਵਤ ਵੀ ਹੈ ਕਿ ਰੱਬ ਦਾ ਰੂਪ ਹੀ ਸਮਝਿਆ ਜਾਂਦਾ ਹੈ।ਮਿੱਟੀ ਵਿਚ ਖੇਡਣਾ, ਉੱਚੀ ਉੱਚੀ ਰੋਣਾ ਵੀ ਹੱਸਣਾ,ਲਿਟਣਾ ਵੀ ਕੋਈ ਕੁੱਝ ਵੀ ਨਹੀਂ ਸੀ ਕਹਿੰਦਾ ਛੋਟੇ ਹੁੰਦਿਆਂ ਨੂੰ।ਲੱਕੜ ਦੇ ਗੜ੍ਹੀਰਿਆਂ ਨਾਲ ਸਾਰੀ ਸਾਰੀ ਦਿਹਾੜੀ ਖੇਡੀ ਜਾਣਾ ਜੋ ਪਿੰਡ ਦੇ ਹੀ ਤਰਖਾਣ ਤੋਂ ਬਣਾ ਲੈਂਦੇ, ਕਦੇ ਕਦੇ ਭਾਪੇ ਜਾਂ ਜਿਹੜੇ ਕਰਮਾਂ ਵਾਲਿਆਂ ਦੇ ਦਾਦੇ ਜਿਉਂਦੇ ਸੀ ?ਨਾਂ ਨੂੰ ਦਾਦਿਆਂ ਨੇ ਪਿੰਡ ਦੇ ਤਰਖ਼ਾਣ ਤੋਂ ਗੁੱਲੀ ਡੰਡਾ ਘੜਵਾ ਕੇ ਲਿਆ ਦੇਣਾ,ਸਾਰੀ ਦਿਹਾੜੀ ਖੇਡਦਿਆਂ ਨੇ ਕਦੇ ਨਾ ਥੱਕਣਾ ਤੇ ਕਦੇ ਨਾ ਅੱਕਣਾ। ਸਾਈਕਲ ਦੇ ਪੁਰਾਣੇ ਟਾਇਰਾਂ ਨੂੰ ਸਾਰੀ ਸਾਰੀ ਦਿਹਾੜੀ ਦਵੱਲੀ ਫਿਰਨਾ।ਕੱਚ ਦੇ ਬੰਟਿਆਂ ਦੀਆਂ ਕਈ ਖੇਡਾਂ ਹੁੰਦੀਆਂ ਸਨ ਜੋ ਖੇਡਦੇ ਰਹਿਣਾ।ਚਾਦਰ ਖੇਸੀਆਂ ਜੋ ਸਿਆਲਾਂ ਚ ਉੱਤੇ ਲੈਂਦੇ ਸਾਂ ?ਹ ਵੀ ਕਈ ਵਾਰ ?ਥੇ ਖੇਡਦਿਆਂ ਖੇਡਦਿਆਂ ਭੁੱਲ ਆਉਣੇ ਤੇ ਬਾਪੂ ਨੇ ਝਿੜਕਣਾ ਤੇ ਮਾਂ ਨੇ ਬਚਾ ਲੈਣਾ। ਇਸੇ ਤਰ੍ਹਾਂ ਜਦੋਂ ਥੋੜ੍ਹੇ ਜਿਹੇ ਉਡਾਰ ਹੋਏ ਤਾਂ ਫਿਰ ਸਾਈਕਲ ਨਾਲ ਪੰਗੇ ਲੈਣੇ ਕਦੇ ਕਦੇ ਸਾਈਕਲ ਦੀ ਚੈਨ ਵਿਚ ਉਂਗਲਾਂ ਵੀ ਫਸਾ ਲੈਣੀਆਂ ਫਿਰ ਚੀਕਾਂ ਵੀ ਚੌਥੇ ਘਰੇ ਸੁਣਨੀਆਂ ਆਂਢਣਾਂ ਗਵਾਢਣਾਂ ਨੇ ਭੱਜੇ ਆਉਣਾ ਕਿ ਕੀ ਹੋ ਗਿਆ ਚਾਚੀਆਂ ਤਾਈਆਂ ਨੂੰ ਚਿੰਬੜ ਜਾਣਾ ਤੇ ਰੋਣਾ ਵੀ ਪਹਿਲਾਂ ਨਾਲੋਂ ਜ਼ਿਆਦਾ ਉੱਚਾ ਤਾਂ ਕਿ ਹੁਣ ਘਰ ਦੀ ਮਾਂ ਦਾਦੀ ਭਾਪਾ ਕੁੱਟਣ ਨਾ ਘੂਰਨ ਨਾ। ਵਾਕਿਆ ਹੀ ਦੋਸਤੋ ਬਾਦਸ਼ਾਹੀ ਵੀ ?ਹੀ ਸਿਖਰਾਂ ਤੇ ਹੁੰਦੀ ਸੀ।

ਕੈਂਚੀ ਸਾਈਕਲ ਚਲਾਉਣ ਦੀ ਜਿੱਦ ਵੀ ਬੜੀ ਭੈੜੀ ਸੀ ਬੇਸ਼ੱਕ ਭਾਪੇ ਨੇ ਘੂਰਨਾ ਪਰ ਕੰਮ ?ਹੀ ਕਰਨਾ ਜਿਹੜੇ ਵੱਲੋਂ ਵਰਜਿਆ ਜਾਂਦਾ ਸੀ ਤੇ ਕਰਨਾ ਵੀ ਜ਼ਰੂਰ ਸੀ। ਕਦੇ ਕਦੇ ਫਿਰ ਅੱਕ ਕੇ ਸਾਈਕਲ ਘਰਦਿਆਂ ਨੇ ਫੜਾ ਦੇਣਾ ਤੇ ਫਿਰ ਲੋਟਣੀਆਂ ਵੀ ਬਹੁਤ ਲੱਗਦੀਆਂ ਸਨ। ਕਿਉਂਕਿ ਤਜਰਬੇ ਤੋਂ ਬਿਨਾਂ ਕੋਈ ਕੰਮ ਕਰਾਂਗੇ ਤਾਂ ਸੱਟਾਂ ਹੀ ਵੱਜਣਗੀਆਂ। ਜਦੋਂ ਜਿੱਦ ਕਰਨੀ ਤਾਂ ਫਿਰ ਭਾਪੇ ਨੇ ਚਾਚੇ ਨੇ ਤਾਏ ਜਾਂ ਦਾਦੇ ਨੇ ਕੈਂਚੀ ਸਾਈਕਲ ਸਿਖਾਉਣ ਦੀ ਕੋਸ਼ਿਸ਼ ਵੀ ਕਰਨੀ।ਪਰ ਜਲਦੀ ਡਿਗ ਪੈਣਾ ਜਾਂ ਸਾਈਕਲ ਦੀ ਚੈਨ ਚ ਪਜਾਮਾ ਆ ਜਾਣਾ ਕਾਲਾ ਹੋ



ਜਾਣਾ ਕਦੇ ਕਦੇ ਪਾਟ ਵੀ ਜਾਂਦਾ ਸੀ।ਕਈਆਂ ਨੇ ਤਾਂ ਐਨੀ ਜਲਦੀ ਸਾਈਕਲ ਸਿੱਖ ਲੈਣਾ ਕਿ ਪਿਛੋਂ ਕਿਸੇ ਸਿਆਣੇ ਨੇ ਸਾਈਕਲ ਫ਼ੜ ਲੈਣਾ ਸਿਖਾਂਦਰੂ ਨੂੰ ਉੱਤੇ ਚੜ੍ਹਾ ਕੇ ਛੱਡ ਦਿੰਦਾ ਤੇ ਦੂਰ ਤੱਕ ਪੈਡਲ ਮਾਰ ਮਾਰ ਕੇ ਚਲਾਈ ਜਾਣਾ ਉੱਤਰਨਾ ਆਉਂਦਾ ਨਹੀਂ ਸੀ ਤੇ ਅਗਲੇ ਪਾਸੇ ਜਾ ਕੇ ਡਿੱਗ ਪੈਣਾ। ਫਿਰ ਆਪਣੇ ਆਪ ਤਾਂ ਚੜਿਆ ਨਹੀਂ ਸੀ ਜਾਂਦਾ ਵਾਪਸ ?ਥੋਂ ਤੱਕ ਜਿਥੋਂ ਤੁਰੇ ਸਾਂ ਤੁਰਕੇ ਹੀ ਆਉਣਾ। ਇਸੇ ਤਰ੍ਹਾਂ ਦੋ ਚਾਰ ਵਾਰ ਕਰਨ ਦੇ ਨਾਲ ਕਈ ਦੋਸਤ ਤਾਂ ਪੱਕੇ ਪੈਰੀਂ ਹੋ ਜਾਂਦੇ ਭਾਵ ਸਿੱਖ ਲੈਂਦੇ ਤੇ ਕਈ ਮੇਰੇ ਵਰਗੇ ਢਿਲੜ ਜਿਹੇ ਦੋ ਦੋ ਮਹੀਨੇ ਇਸੇ ਅਵਾਜਾਈ ਵਿਚ ਹੀ ਪਜ਼ਾਮੇ ਪੜਾਈ ਜਾਂਦੇ ਸਾਂ। ਦੋਸਤੋ ਸਮੇਂ ਬਹੁਤ ਚੰਗੇ ਸੀ, ਕੋਈ ਵੀ ਵਡੇਰੀ ਉਮਰ ਦੇ ਚਾਚੇ ਤਾਏ ਦਾਦੇ ਜਾਂ ਪਿ? ਅੱਕਦੇ ਥੱਕਦੇ ਨਹੀਂ ਸਨ, ਸਮੇਂ ਸੱਭ ਕੋਲ ਖੁੱਲੇ ਸਨ। ਪਹਿਲਾਂ ਕੈਂਚੀ, ਫਿਰ ਡੰਡੇ ਭਾਵ ਫਰੇਮ ਤੇ ਬਾਅਦ ਵਿੱਚ ਕਾਠੀ ਤੇ ਸਾਈਕਲ ਚਲਾਉਣਾ ਸਿਖਣਾ।ਬਾਈ ਇੰਚੀ ਵਾਲੇ ਸਾਈਕਲ ਦੀ ਕਾਠੀ ਫਰੇਮ ਤੇ ਕਸਕੇ ਉਸ ਨੂੰ ਵੀਹ ਇੰਚੀ ਵੀ ਬਣਾ ਲਈਦਾ ਸੀ ਨੀਵੇਂ ਸਾਈਕਲ ਤੇ ਸਿੱਖਣਾ ਆਸਾਨ ਕਰਕੇ ਕਾਠੀ ਨੀਵੀਂ ਕਰ ਲੈਣੀ।ਪਰ ਸੱਟਾਂ ਬਹੁਤ ਖਾਂਦੇ ਸਾਂ ਗੱਲ ਤਾਂ ?ਹੀ ਹੈ ਕਿ ਸਮੇਂ ਸਮੇਂ ਦੀ ਹੀ ਹੈ, ਅੱਜ ਜਦੋਂ ?ਹ ਵੇਲੇ ਯਾਦ ਕਰਦੇ ਹਾਂ ਤਾਂ ਬਹੁਤ ਹਾਸਾ ਆਉਂਦਾ ਹੈ ਕਿ ਵਾਕਿਆ ਹੀ ਬਚਪਨ ਬਾਦਸ਼ਾਹ ਹੁੰਦਾ ਹੈ। ਹੁਣ ਆਪਾਂ ਪੁੱਤ ਪੋਤਿਆਂ ਦੋਹਤਿਆਂ ਵਾਲੇ ਹੋ ਗਏ ਹਾਂ। ਅਜੋਕੇ ਸਮਿਆਂ ਵਿੱਚ ਵੈਸੇ ਤਾਂ ਸਮਾਂ ਹੀ ਬਹੁਤ ਅਗਾਂਹ ਵਧੂ ਆ ਗਿਆ ਹੈ ਕਿ ਕੋਈ ਸਾਈਕਲ ਚਲਾਉਣ ਨੂੰ ਚੰਗਾ ਈ ਨਹੀਂ ਸਮਝਦਾ ਕਿਉਂਕਿ ਬਾਈਕ ਸਕੂਟਰੀ ਤੇ ਹੋਰ ਪਤਾ ਨਹੀਂ ਕੀ ਕੀ ਚੱਲ ਪਿਆ ਹੈ,ਪਰ ਜੇ ਕੋਈ ਸਿੱਖਣ ਜਾਂ ਸਿਖਾਉਣ ਲਈ ਪੋਤਾ ਪੋਤੀ ਜਾ ਦੋਹਤਾ ਦੋਹਤੀ ਕਹਿੰਦਾ ਹੈ ਤਾਂ ਸੱਭ ਤੋਂ ਪਹਿਲਾਂ ਆਪਾਂ ਆਪਣੇ ਬਚਪਨ ਵਿੱਚ ਜ਼ਰੂਰ ਪਹੁੰਚ ਜਾਂਦੇ ਹਾਂ। ਇਹ ਲਿਖਤ ਪੜ੍ਹ ਕੇ ਵੀ ਤੁਸੀਂ ਸਾਰੇ ਆਪੋ-ਆਪਣੇ ਬਚਪਨ ਵਿੱਚ ਇੱਕ ਵਾਰ ਜਰੂਰ ਗੇੜਾ ਮਾਰ ਆ ਗੇ ਇਹ ਮੈਨੂੰ ਪੱਕਾ ਯਕੀਨ ਹੈ।

## ਵਿਸ਼ੇਸ਼ ਗੱਲਬਾਤ

# 'ਨਾ ਮਾਰ ਜ਼ਾਲਮਾਂ ਵੇ ..' ਗੀਤ ਦੇ ਦਾਅਵੇਦਾਰ ਅਣਗੌਲ੍ਹੇ ਗੀਤਕਾਰ 'ਜੀਤ ਡਰੋਲੀ ਵਾਲੇ' ਦਾ ਸੱਚ !



ਸੁਰਜੀਤ ਜੱਸਲ
9814607737



**ਖੇਤੀ ਧੰਦੇ ਨਾਲ ਜੁੜੇ ਇਸ ਗੀਤਕਾਰ ਜੀਤ ਡਰੋਲੀ ਵਾਲੇ ਨੇ ਦੱਸਿਆ ਕਿ ਜਵਾਨੀ ਪਹਿਰ ਉਸ ਨੂੰ ਗੀਤ ਲਿਖਣ ਦਾ ਸ਼ੌਕ ਬਨੇਰਿਆਂ 'ਤੇ ਵੱਜਦੇ ਸਪੀਕਰ ਸੁਣਦਿਆਂ ਪਿਆ। ਬਾਬੂ ਸਿੰਘ ਮਾਨ ਦੀ ਲੇਖਣੀ ਨੇ ਉਸ ਨੂੰ ਵਧੇਰੇ ਪ੍ਰਭਾਵਿਤ ਕੀਤਾ । ਹੁਣ ਤੱਕ ਉਸ ਨੇ ਢਾਈ ਸੋ ਦੇ ਕਰੀਬ ਗੀਤ ਲਿਖੇ ਹਨ। ਜਿਨ੍ਹਾਂ 'ਚੋਂ ਪੱਚੀ ਕੁ ਗੀਤ ਮੁਹੰਮਦ ਸਦੀਕ,ਰਣਜੀਤ ਕੌਰ, ਨਿਰਮਲ ਸਿੱਧੂ, ਅੰਗਰੇਜ਼ ਅਲੀ, ਕੁਲਦੀਪ ਕੌਰ, ਸਤਨਾਮ ਸੱਤਾ, ਹਰਮਨਦੀਪ, ਰਾਣਾ ਕੋਟ ਈਸ਼ੇ ਆਦਿ ਕਲਾਕਾਰਾਂ ਦੀ ਆਵਾਜ਼ ਵਿਚ ਰਿਕਾਰਡ ਹੋਏ।**




ਇਸ ਵਿਚ ਕੋਈ ਦੋ-ਰਾਵਾਂ ਨਹੀਂ ਕਿ ਗਾਇਕ ਦੀਦਾਰ ਸੰਧੂ ਬਹੁਤੇ ਗੀਤ ਆਪ ਹੀ ਲਿਖਦਾ ਸੀ ਪ੍ਰੰਤੂ ਪਿਛਲੇ ਦਿਨੀਂ ਇੱਕ ਅਜਿਹੇ ਅਣਗੌਲ੍ਹੇ ਗੀਤਕਾਰ ਬਾਰੇ ਪਤਾ ਲੱਗਿਆ ਜੋ ਦੀਦਾਰ ਸੰਧੂ ਦੇ ਚਰਚਿਤ ਗੀਤ 'ਨਾ ਮਾਰ ਜ਼ਾਲਮਾਂ ਵੇ,ਪੇਕੇ ਤੱਤੜੀ ਦੇ ਦੂਰ...ਨੂੰ ਆਪਣਾ ਹੋਣ ਦਾ ਦਾਅਵਾ ਕਰਦਾ ਹੈ। ਗੱਲ ਸੱਚਮੁਚ ਹੈਰਾਨੀ ਵਾਲੀ ਸੀ ਕਿ 30 ਸਾਲ ਬਾਅਦ ਇਸ ਚਰਚਿਤ ਗੀਤ ਦਾ ਨਵਾਂ ਵਾਰਿਸ ਕਿੱਥੋ ਪੈਦਾ ਹੋ ਗਿਆ।ਦੀਦਾਰ ਦੇ ਜਿਊਂਦਿਆਂ ਇਸ ਬੰਦੇ ਨੇ ਰੌਲ੍ਹਾ ਕਿਊਂ ਨਾ ਪਾਇਆ..? ਖੈਰ, ਇਸ ਗੱਲ ਵਿਚਲੀ ਅਸਲ ਸੱਚਾਈ ਜਾਣਨ ਲਈ 80 ਕਿਲੋਮੀਟਰ ਦਾ ਸਫ਼ਰ ਤੈਹ ਕਰ ਮੋਗਾ ਜ਼ਿਲ੍ਹਾ ਦੇ ਪਿੰਡ ਡਰੋਲੀ ਭਾਈ ਵਿਖੇ ਜਾ ਪਹੁੰਚੇ। ਜਿੱਥੇ ਰਹਿੰਦੇ ਇਸ 'ਦਾਅਵੇਦਾਰ' 70 ਸਾਲਾਂ ਅਪਾਹਜ ਬਜੁਰਗ ਸੁਰਜੀਤ ਸਿੰਘ ਗਿੱਲ ਉਰਫ਼ ਜੀਤ ਡਰੋਲੀ ਵਾਲਾ ਨਾਲ ਮੁਲਾਕਾਤ ਕੀਤੀ।

ਦੀਦਾਰ ਸੰਧੂ ਦੇ ਗੀਤ 'ਨਾ ਮਾਰ ਜਾਲਮਾਂ ਵੇ ...' ਬਾਰੇ ਜੀਤ ਦਾ ਕਹਿਣਾ ਹੈ ਇਹ ਮੇਰਾ ਪਹਿਲਾ ਗੀਤ ਸੀ,ਪਰ ਇਸ ਵਿੱਚ ਮੇਰੇ ਨਾਂ ਵਾਲਾ ਆਖਰੀ ਅੰਤਰਾ ਕੱਟਿਆ ਗਿਆ। ਇਹ ਗੀਤ ਐਚ ਐਮ ਵੀ ਤਵੇ 'ਤੇ ਚਰਨਜੀਤ ਆਹੂਜਾ ਦੇ ਸੰਗੀਤ ਵਿੱਚ ਰਿਕਾਰਡ ਹੋਇਆ। ਉਹ ਝੱਟ ਇੱਕੋ-ਸਾਹੇ ਜੁਬਾਨੀ ਯਾਦ ਇਹ ਆਖਰੀ ਅੰਤਰਾ ਸੁਣਾਉਂਦਾ ਹੈ-

**ਮੈਂ ਨੌਕਰ ਤੇਰੇ 'ਦਰਦੀ ਵੇ, ਦਿਨ ਰਾਤ ਕਮਾਈਆਂ ਕਰਦੀ ਵੇ।**
**ਕੀ ਲੋੜ ਚੰਦਰਿਆ ਛਮਕਾਂ ਦੀ, ਮੈਂ ਤਾਂ ਅੱਖ ਦੀ ਘੂਰ ਤੋਂ ਡਰਦੀ ਵੇ।**
**ਝਿੜਕ ਡਰੋਲੀ ਵਾਲਿਆ ਤੇਰੀ, ਚਿਹਰੇ ਦਾ ਖਾ ਗਈ ਨੂਰ...**
**ਵੇ ਨਾ ਮਾਰ ਜ਼ਾਲਮਾਂ ਵੇ ,ਪੇਕੇ ਤੱਤੜੀ ਦੇ ਦੂਰ...**

ਖੇਤੀ ਧੰਦੇ ਨਾਲ ਜੁੜੇ ਇਸ ਗੀਤਕਾਰ ਜੀਤ ਡਰੋਲੀ ਵਾਲੇ ਨੇ ਦੱਸਿਆ ਕਿ ਜਵਾਨੀ ਪਹਿਰ ਉਸ ਨੂੰ ਗੀਤ ਲਿਖਣ ਦਾ ਸ਼ੌਕ ਬਨੇਰਿਆਂ 'ਤੇ ਵੱਜਦੇ ਸਪੀਕਰ ਸੁਣਦਿਆਂ ਪਿਆ। ਬਾਬੂ ਸਿੰਘ ਮਾਨ ਦੀ ਲੇਖਣੀ ਨੇ ਉਸ ਨੂੰ ਵਧੇਰੇ ਪ੍ਰਭਾਵਿਤ ਕੀਤਾ ।ਹੁਣ ਤੱਕ ਉਸ ਨੇ ਢਾਈ ਸੋ ਦੇ ਕਰੀਬ ਗੀਤ ਲਿਖੇ ਹਨ। ਜਿਨ੍ਹਾਂ 'ਚੋਂ ਪੱਚੀ ਕੁ ਗੀਤ ਮੁਹੰਮਦ ਸਦੀਕ,ਰਣਜੀਤ ਕੌਰ, ਨਿਰਮਲ ਸਿੱਧੂ, ਅੰਗਰੇਜ਼ ਅਲੀ, ਕੁਲਦੀਪ ਕੌਰ, ਸਤਨਾਮ ਸੱਤਾ,ਹਰਮਨਦੀਪ,ਰਾਣਾ ਕੋਟ ਈਸ਼ੇ ਆਦਿ ਕਲਾਕਾਰਾਂ ਦੀ ਆਵਾਜ਼ ਵਿਚ ਰਿਕਾਰਡ ਹੋਏ।

ਜੀਤ ਡਰੋਲੀ ਵਾਲਾ ਵਧੀਆ ਲਿਖਾਰੀ ਹੋਣ ਦੇ ਬਾਵਜੂਦ ਵੀ ਅਣਗੌਲ੍ਹਿਆ ਰਿਹਾ ਹੈ ।ਉਸ ਕੋਲ ਵਧੀਆ ਸ਼ਬਦ ਭੰਡਾਰ ਹੈ, ਨਵੇਂ ਵਿਸ਼ੇ ਹਨ। ਗੀਤ ਰਾਹੀਂ ਗੱਲ ਕਹਿਣ ਦੀ ਕਲਾ ਹੈ ਪਰ ਅਫ਼ਸੋਸ ਕਿ ਬਾਕੀ ਗੀਤਕਾਰਾਂ ਵਾਂਗ ਪ੍ਰਸਿੱਧੀ ਨਾ ਖੱਟ ਸਕਿਆ। ਉਹ ਸਾਹਿਤ ਸਭਾ ਜ਼ੀਰਾ ਦਾ ਸਰਗਰਮ ਮੈਂਬਰ ਰਿਹਾ ਹੈ।ਪਿਛਲੇ ਕੁਝ ਸਾਲਾਂ ਤੋਂ ਪੈਰਾਂ ਦੀ ਕਿਸੇ ਬਿਮਾਰੀ ਕਰਕੇ ਉਹ ਤੁਰਨ-ਫ਼ਿਰਨ ਤੋ ਅਸਮੱਰਥ ਹੈ।

ਆਪਣੀ ਕਹਾਣੀ ਸੁਣਾਉਂਦਾ ਜੀਤ ਦੱਸਦਾ ਹੈ ਕਿ ਦੀਦਾਰ ਦੀ ਮੇਰੇ ਪਿੰਡ ਰਿਸ਼ਤੇਦਾਰੀ ਹੋਣ ਕਰਕੇ ਉਹ ਅਕਸਰ ਇੱਥੇ ਆਉਂਦਾ ਰਹਿੰਦਾ ਸੀ। ਇੱਥੇ ਉਸਦੀ ਵੱਡੀ ਸਾਲੀ ਸੀ।ਸਾਡੇ ਪਿੰਡ ਵਾਲੇ ਉਸਦੇ ਰਿਸ਼ਤੇਦਾਰ ਨੇ ਹੀ ਮੇਰੀ ਦੀਦਾਰ ਨਾਲ ਜਾਣ-ਪਛਾਣ ਕਰਵਾਈ ਸੀ।ਮੈਂ ਆਪਣੇ ਗੀਤਾਂ ਦੀ ਕਾਪੀ ਦੀਦਾਰ ਨੂੰ ਵਿਖਾਈ ਤਾਂ ਉਸਨੇ ਮੈਨੂੰ ਹੌਸਲਾ ਦਿੱਤਾ ਕਿ ਤੈਨੂੰ ਗੀਤ ਲਿਖਣ ਦਾ ਢੰਗ ਹੈ,ਹੋਰ ਵਧੀਆ ਲਿਖ ਸਕਦਾ ਏ। ਕਾਪੀ ਵਿਚਲੇ ਕੁਝ ਗੀਤਾਂ ਦੇ ਉਸਨੇ ਸਫ਼ੇ ਮੋੜ ਕੇ ਕਿਹਾ ਕਿ ਇਹ ਗੀਤ ਵੱਖਰੇ ਕਾਗਜ਼ 'ਤੇ ਲਿਖਦੇ।ਗੀਤ ਲਿਖਣ ਕਰਕੇ ਦੇਰੀ ਹੁੰਦੀ ਵੇਖ ਉਸਨੇ ਕਿਹਾ ਕਿ ਤੂੰ ਕਾਪੀ ਹੀ ਫੜ੍ਹਾ ਦੇ,ਰਿਸ਼ਤੇਦਾਰ ਦੇ ਮੁੰਡੇ ਨੇ ਦੋ-ਚਾਰ ਦਿਨਾ ਤੱਕ ਮੇਰੇ ਕੋਲ ਆਉਣਾ ਹੈ, ਮੁੜਦਾ ਹੋਇਆ ਲੈ ਆਊ। ਮੈਂ ਇਨਕਾਰ ਨਾ ਕਰ ਸਕਿਆ। ਛੇ ਮਹੀਨਿਆ ਮਗਰੋਂ ਕਾਪੀ ਮੇਰੇ ਕੋਲ ਵਾਪਸ ਆਈ।

ਫੇਰ ਅਚਾਨਕ ਇੱਕ ਦਿਨ ਉਸਦੇ ਰਿਸ਼ਤੇਦਾਰ ਨੇ ਮੈਨੂੰ ਰਾਹ ਵਿੱਚ ਵਧਾਈਆ ਦਿੰਦੇ ਕਿਹਾ ਕਿ ਛੋਟੇ ਵੀਰ ਤੇਰਾ ਗੀਤ ਰਿਕਾਰਡ ਹੋ ਗਿਆ,ਜਿਹੜਾ ਆਪਣਾ ਰਿਸ਼ਤੇਦਾਰ ਲੈ ਕੇ ਗਿਆ ਸੀ। ਜਦ ਮੈਨੂੰ ਯਕੀਨ ਨਾ ਆਇਆ ਤਾਂ ਉਸ ਨੇ ਕਿਹਾ ਕਿ ਰਿਕਾਰਡਿੰਗ ਵੇਲੇ ਮੈਂ ਨਾਲ ਸੀ । ਮੈਂ ਉਸਦਾ ਧੰਨਵਾਦ ਕੀਤਾ। ਤਿੰਨ ਕੁ ਮਹੀਨਿਆਂ ਮਗਰੋਂ ਜਦ ਇਹ ਗੀਤ ਮੈਂ ਐਚ ਐਮ ਵੀ ਦੇ ਤਵੇ 'ਤੇ ਸੁਣਿਆ ਤਾਂ ਮਨ ਨੂੰ ਬਹੁਤ ਠੇਸ ਲੱਗੀ, ਕਿਉਂਕਿ ਗੀਤ ਵਿੱਚ ਮੇਰਾ ਕੁਝ ਵੀ ਨਹੀਂ ਸੀ। ਇਸ ਵਿਚ ਮੇਰਾ ਤੇ ਪਿੰਡ ਦੇ ਨਾਂ ਵਾਲਾ ਆਖਰੀ ਅੰਤਰਾਂ ਰਿਕਾਰਡ ਨਾ ਹੋਇਆ । ਤਵੇ 'ਤੇ ਵੀ ਗੀਤਕਾਰ ਵਜੋਂ ਦੀਦਾਰ ਦਾ ਨਾਂ ਲਿਖਿਆ ਪੜ੍ਹ ਕੇ ਮਨ ਨੂੰ ਹੋਰ ਵੀ ਦੁੱਖ ਹੋਇਆ।

**?-ਕੀ ਉਦੋਂ ਦੀਦਾਰ ਨਾਲ ਇਸ ਦਾ ਗਿਲ੍ਹਾ ਕੀਤਾ ?**

ਹਾਂ ਜੀ, ਇੱਕ ਵਾਰ ਸਦੀਕ ਸਾਹਿਬ ਦੇ ਘਰ ਮੈਂ ਇੱਕ ਗਾਇਕ ਮਿੱਤਰ ਨਾਲ ਬੈਠਾ ਸੀ ਤਾਂ ਅਚਾਨਕ ਉਥੇ ਦੀਦਾਰ ਵੀ ਆ ਗਿਆ। ਮੈਂ ਆਪਣੇ ਗੀਤ ਬਾਰੇ ਰੋਸ ਕਰਦਿਆ ਕਿਹਾ ਕਿ 'ਬਾਬਿਓ, ਤੁਸੀ ਆਹ ਕੀ ਕੀਤਾ...?' ਤਾਂ ਉਹ ਕਹਿਣ ਲੱਗਾ ,'ਬਾਬਿਓ, ਮੈਂ ਕਦੋਂ ਕਹਿਨਾ ਇਹ ਗੀਤ ਮੇਰਾ , ਤੁਹਾਡਾ ਈ ਆ ਗੀਤ..।'' ਤਾਂ ਮੈਂ ਕਿਹਾ, 'ਮੇਰਾ ਹੁਣ ਉਹਦੇ 'ਚ ਕੀ ਆ...ਨਾਂ ਤਾਂ ਤੇਰੇ ਦੀ ਮੋਹਰ ਲੱਗ ਗਈ।'

ਫੇਰ ਉਹ ਕੁਝ ਨਾ ਬੋਲਿਆ। ਇਸ ਤੋਂ ਬਾਅਦ ਸਾਡੀ ਮੁਲਾਕਾਤ ਨਾ ਹੋਈ।

**• ਇਸ ਗੀਤ ਦੇ ਵਿਸ਼ੇ ਬਾਰੇ ਜੀਤ ਨੇ ਕਿਹਾ ਕਿ ਇਹ ਇੱਕ ਪੁਰਾਣੀ ਲੋਕ ਬੋਲੀ ' ਨਿੱਕੀ-ਨਿੱਕੀ ਕਣੀਂ ਦਾ ਮੀਂਹ ਪਿਆ ਵਰਸੇ, ਮਗਰੋਂ ਪੈਂਦੀ ਭੂਰ ' ਤੋਂ ਪ੍ਰਭਾਵਤ ਹੋ ਕੇ ਲਿਖਿਆ ਸੀ। ਉਦੋਂ ਮੇਰਾ ਨਵਾਂ-ਨਵਾਂ ਵਿਆਹ ਹੋਇਆ ਸੀ ਤੇ ਮੈਂ ਆਪਣੇ ਸਹੁਰੀਂ ਗਿਆ ਹੋਇਆ ਸੀ।**

ਜਿਹੜੀ ਕਾਪੀ ਦੀਦਾਰ ਇਸ ਤੋਂ ਲੈ ਕੇ ਗਿਆ ਸੀ, ਉਹ ਜੀਤ ਕੋਲ ਅੱਜ ਵੀ ਸਾਂਭੀ ਪਈ ਹੈ। ਉਸ ਨੂੰ ਇਸ ਗੱਲ ਦਾ ਝੋਰਾ ਹੈ ਕਿ ਜੇਕਰ ਉਸਦੇ ਇਸ ਪਹਿਲੇ ਗੀਤ ਵਿੱਚ ਉਸਦਾ ਨਾਂ ਆਇਆ ਹੁੰਦਾ ਤਾਂ ਅੱਜ ਉਸਦੀ ਇੱਕ ਵੱਖਰੀ ਪਹਿਚਾਣ ਹੁੰਦੀ। ਇਸ ਮਾਮਲੇ ਵਿੱਚ ਉਹ ਕਿਸੇ ਨੂੰ ਦੋਸ਼ੀ ਨਹੀਂ ਕਹਿੰਦਾ ਬਲਕਿ ਆਪਣੀ ਕਿਸਮਤ ਦਾ ਦੋਸ਼ ਮੰਨਦਾ ਹੈ ਕਿਉਂਕਿ ਮੁਹੰਮਦ ਸਦੀਕ ਦੇ ਗੀਤ ਵਿੱਚ ਵੀ ਕਿਸਮਤ ਦਾ ਸਾਥ ਟੇਢਾ ਹੋਣ ਕਰਕੇ ਗੀਤ ਵਿਚ ਤਾਂ ਉਸਦਾ ਨਾਂ ਆ ਗਿਆ ਪਰ ਕੈਸਟ ਦੇ ਰੈਪਰ 'ਤੇ ਭੁਲੇਖੇ ਨਾਲ ਜੀਤ ਗੋਲੇਵਾਲੀਆ ਲਿਖ ਹੋ ਗਿਆ। ਇਸੇ ਤਰ੍ਹਾਂ ਇੱਕ ਨਵੇਂ ਗਾਇਕ ਰਾਣਾ ਕੋਟ ਈਸੇ ਨੇ ਉਸਦਾ ਇੱਕ ਗੀਤ ਫੌਜੀ-ਫੌਜਣ ਦਾ ਗੀਤ ਰਿਕਾਰਡ ਕਰਵਾਇਆ, ਜਿਸ ਦਾ ਉਹ ਵੀਡਿਓ ਬਣਾਉਂਣ ਗਿਆ ਸੀ ਕਿ ਰਾਸਤੇ ਸੜਕ ਹਾਦਸੇ ਦਾ ਸ਼ਿਕਾਰ ਹੋ ਕੇ ਚੱਲ ਵਸਿਆ। ਸੋ ਮੈਂ ਆਪਣੀ ਕਿਸਮਤ ਦਾ ਹੀ ਦੋਸ਼ ਸਮਝਦਾ ਹਾਂ। ਜੀਤ ਦੇ ਲਿਖੇ ਰਿਕਾਰਡ ਗੀਤ ਹਨ-

**• ਮੋੜ ਬੇਈਮਾਨਾਂ ਵੇ ਕੁਆਰੀਆਂ ਦੇ ਛੱਲੇ ( ਮੁਹੰਮਦ ਸਦੀਕ-ਰਣਜੀਤ ਕੌਰ)**
**• ਮਤ ਗਾਓ ਮੇਰੇ ਗੀਤ ਵਿਆਹ ਦੇ ( ਨਿਰਮਲ ਸਿੱਧੂ)**
**ਝੂਟ ਲਓ ਸਈਓ ਨੀਂ, ਮੁੰਡਾ ਪੀਂਘ ਦਾ ਹੁਲਾਰਾ ( ਕੁਲਦੀਪ ਕੌਰ)**
**ਨਵੇਂ ਸਾਲ ਦੀ ਡਾਇਰੀ ਵਾਂਗੂ ( ਸਤਨਾਮ ਸੱਤਾ)**
**ਸੱਜਣਾ ਵੇ ਉਦੋ ਤੇਰੀ ਯਾਦ ( " " )**
**ਕਣੀਆਂ ਦੀ ਮਿੰਨੀ ਮਿੰਨੀ ਭੂਰ ( ਹਰਮਨਦੀਪ )**

ਪਿਆਰੇ ਪਾਠਕੋ, ਇਸ ਗੱਲਬਾਤ ਦਾ ਮਕਸਦ ਸ਼ੋਸ਼ਲ ਨੈੱਟਵਰਕ ਰਾਹੀਂ ਉਠੀ ਆਵਾਜ਼ ਦੇ ਸੱਚ ਦੀ ਤਹਿ ਤੱਕ ਜਾਣਾ ਸੀ। ਗੀਤਕਾਰ ਜੀਤ ਡਰੋਲੀ ਵਾਲੇ ਨੇ ਤਾਂ ਆਪਣਾ ਪੱਖ ਦੱਸ ਦਿੱਤਾ। ਇਸ ਵਿਚਲੀ ਅਸਲ ਸੱਚਾਈ ਖ਼ੁਦ ਦੀਦਾਰ ਜਾਂ ਉਸਦੇ ਨੇੜਲੇ ਮਿੱਤਰ, ਸਮਕਾਲੀ ਕਲਾਕਾਰ ਜਾਣਦੇ ਹਨ। ਕੀ ਦੀਦਾਰ ਦਾ ਸਰੋਤਾ /ਪ੍ਰਸ਼ੰਸ਼ਕ ਵਰਗ ਦਾ ਇਸ ਗੱਲ ਨੂੰ ਪ੍ਰਵਾਨ ਕਰੇਗਾ ਹੈ ? ਇਸ ਬਾਬਤ ਜੀਤ ਡਰੋਲੀ ਵਾਲੇ ਨਾਲ 9501628467 ਨੰਬਰ 'ਤੇ ਸੰਪਰਕ ਕਰ ਸਕਦੇ ਹਨ। ਜੀਤ ਅੱਜ ਵੀ ਲਿਖਦਾ ਹੈ। ਭਾਵੇਂਕਿ ਰਿਕਾਰਡ ਹੋਣ ਦੀ ਲਾਲਸਾ ਹੁਣ ਦਮ ਤੋੜ ਚੁੱਕੀ ਹੈ ਪਰ ਨਿੱਤ ਨਵੇਂ ਸਬਦਾਂ ਦੀ ਬੁਣਤੀ ਲਈ ਉਸਦੀ ਸੋਚ ਅੰਗੜਾਈਆਂ ਲੈਂਦੀ ਰਹਿੰਦੀ ਹੈ। ਉਸਦੀ ਜੇਬ ਵਿਚਲੇ ਕਾਗਜ਼ਾਂ 'ਤੇ ਲਿਖੇ ਗੀਤ ਉਸਦੀ ਜ਼ਿੰਦਗੀ ਦਾ ਸਰਮਾਇਆ ਹਨ।ਉਹ ਆਪਣੀ ਜ਼ਿੰਦਗੀ ਦਾ ਨਿਚੋੜ ਇਨ੍ਹਾਂ ਸਤਰਾਂ 'ਚ ਇੰਝ ਲਿਖਦਾ ਹੈ-

**ਜਿਵੇਂ ਗੀਤ ਲਿਖਣ ਦੀ ਲੋੜ ਰਹੇ ਦਿਨ-ਰਾਤ 'ਡਰੋਲੀ ਵਾਲੇ' ਨੂੰ,**
**ਪਰ ਮੱਥੇ ਲਿਖਿਆ ਨਾ ਜਾਣੇ, ਕਿਸਮਤ ਦੇ ਘਾਲੇ-ਮਾਲੇ ਨੂੰ।**
**ਸੋਹਣਿਆਂ ਨੂੰ ਲੋੜਾਂ ਹੁਸਨ ਦੀਆਂ ਤੇ ਸੇਜ਼ ਦੀ ਲੋੜ ਸੁਹਾਗਣ ਨੂੰ,**
**ਆਸ਼ਿਕ ਨੂੰ ਲੋੜ ਮਾਸ਼ੂਕਾਂ ਦੀ,ਗਿੱਧੇ ਨੂੰ ਲੋੜ ਪੰਜਾਬਣ ਦੀ।**

# ਅਡਾਨੀਆਂ ਦੀ ਬੰਦਰਗਾਹ 'ਤੇ ਹੈਰੋਇਨ ਦੇ ਕੰਟੇਨਰ



ਅਮਰਬੀਰ ਸਿੰਘ ਚੀਮਾ
ਸਰਹਿੰਦ, ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211

2021 ਨੂੰ ਸਾਡੇ ਦੇਸ਼ 'ਚ ਨਸ਼ੇ ਦੀ ਅੱਜ ਤੱਕ ਦੀ ਸਭ ਤੋਂ ਵੱਡੀ ਖੇਪ ਬਰਾਮਦ ਕੀਤੀ ਗਈ, ਭਾਵੇਂ ਇਸਨੂੰ ਕਿਸੇ ਵੱਡੇ ਰਾਸ਼ਟਰੀ ਟੀ.ਵੀ. ਚੈਨਲ ਨੇ ਬਰੇਕਿੰਗ ਨਿਊਜ਼ ਬਣਾ ਕੇ ਪੇਸ਼ ਨਹੀਂ ਕੀਤਾ ਪਰ ਬਾਵਜੂਦ ਇਸ ਦੇ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਬਹੁਤ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇੰਟਰਨੈਟ ਉੱਤੇ ਵੀ ਇਸ ਬਾਬਤ ਬਹੁਤ ਸੀਮਿਤ ਜਿਹੀ ਜਾਣਕਾਰੀ ਉਪਲਬਧ ਹੈ। 100 ਜਾਂ 200 ਗ੍ਰਾਮ ਦੀ ਮਾਤਰਾ 'ਚ ਨਸ਼ਾ ਫੜੇ ਜਾਣ 'ਤੇ ਸਾਰਾ-ਸਾਰਾ ਦਿਨ ਨਿਊਜ਼ ਚੈਨਲਾਂ 'ਤੇ ਚੀਕਣ ਵਾਲੇ ਐਂਕਰਾਂ ਤੱਕ ਸ਼ਾਇਦ ਇਸ ਖੇਪ ਦੀ ਜਾਣਕਾਰੀ ਨਾ ਪਹੁੰਚੀ ਹੋਵੇ ਪਰ ਦੇਸ਼ ਦੇ ਆਮ ਲੋਕ ਹੁਣ ਉਨ੍ਹਾਂ ਬਾਰੇ ਸਭ ਜਾਣਦੇ ਹਨ।

ਗੁਜਰਾਤ ਸੂਬੇ ਦੇ ਕੱਛ ਸ਼ਹਿਰ ਦੀ ਮੁਦਰਾ ਬੰਦਰਗਾਹ 'ਤੇ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ.ਆਰ.ਆਈ.) ਨੇ 3000 ਕਿੱਲੋਗ੍ਰਾਮ ਦੇ ਕਰੀਬ ਵਜ਼ਨ ਦੇ ਨਸ਼ੇ (ਹੈਰੋਇਨ) ਦੇ ਭਰੇ ਹੋਏ 2 ਕੰਨਟੇਨਰ ਬਰਾਮਦ ਕੀਤੇ ਹਨ। ਨਸ਼ੀਲੇ ਪਦਾਰਥਾਂ ਦੀ ਇਸ ਵੱਡੀ ਖੇਪ ਦੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੀਮਤ 15000 ਤੋਂ 21000 ਕਰੋੜ ਰੁਪਏ ਦੱਸੀ ਜਾ ਰਹੀ ਹੈ, ਜੋ ਕਿ ਆਪਣੇ ਆਪ 'ਚ ਇਕ ਰਿਕਾਰਡ ਹੈ। ਇਸ ਖੇਪ ਨਾਲ ਜੁੜੇ ਇੱਕ ਜੋੜੇ ਸਮੇਤ ਅੱਧੀ ਦਰਜਨ ਲੋਕਾਂ ਦੀ ਗ੍ਰਿਫਤਾਰੀ ਹੋਈ ਹੈ। ਦੀ ਵਾਇਰ ਚੈਨਲ ਅਨੁਸਾਰ ਕੇਰਲਾ ਦੇ ਸਾਬਕਾ ਡੀਜੀਪੀ ਐਨ.ਸੀ.ਐਸ. ਥਾਨਾ ਨੇ ਦੱਸਿਆ ਕਿ ਸਾਲ 2019 ਵਿੱਚ ਸਾਰੇ ਸਾਲ 'ਚ 2448 ਅਤੇ 2018 'ਚ 1258 ਕਿੱਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ। ਇਸ ਹਿਸਾਬ ਨਾਲ ਬੀਤੇ ਦਿਨੀ ਬਰਾਮਦ ਕੀਤੀ ਹੈਰੋਇਨ ਦੀ ਮਿਕਦਾਰ ਪੂਰੇ ਸਾਲ ਭਰ ਦੀ ਬਰਾਮਦੀ ਤੋਂ ਵੀ ਕਿਤੇ ਜਿਆਦਾ ਬਣਦੀ ਹੈ।

ਇਥੇ ਇਹ ਵੀ ਦੱਸ ਦੇਈਏ ਕਿ ਇਹ ਬੰਦਰਗਾਹ ਅੰਡਾਨੀ ਸਮੂਹ ਦੀ ਮਾਲਕੀ ਹੇਠ ਹੈ। ਇਸ ਬਰਾਮਦੀ ਤੋਂ ਬਾਅਦ ਅਡਾਨੀ ਸਮੂਹ ਨੇ ਇਕ ਬਿਆਨ ਜਾਰੀ ਕੀਤਾ ਹੈ ਕਿ ਮੁਦਰਾ ਬੰਦਰਗਾਹ 'ਤੇ ਆਉਂਦੇ ਕੰਨਟੇਨਰਾਂ ਨੂੰ ਚੈੱਕ ਜਾਂ ਸਕੈਨ ਕਰਨ ਦੀ ਜਿੰਮੇਵਾਰੀ ਸਰਕਾਰ ਜਾਂ ਪੁਲਿਸ ਦੀ ਹੈ। ਜੇਕਰ ਇਹ ਗੱਲ ਮੰਨ ਵੀ ਲਈ ਜਾਵੇ ਤਾਂ ਵੀ ਕੀ ਇਹ ਸੰਭਵ ਹੈ ਕਿ ਕਰੋੜਾਂ ਰੁਪਏ ਦੇ ਹੈਰੋਇਨ ਦੀ ਐਡੀ ਵੱਡੀ ਖੇਪ ਚੇਨਈ ਵਾਸੀ ਸੁਧਾਕਰ ਤੇ ਵਿਸ਼ਾਲੀ ਨਾਂ ਦੇ ਇਕ ਪਤੀ-ਪਤਨੀ ਵੱਲੋਂ ਕੀਤੀ ਜਾ ਸਕਦੀ ਹੈ ? ਹਿੰਦੋਸਤਾਨ ਟਾਈਮਜ਼ ਦੀ ਇੱਕ ਰਿਪੋਟਰ ਮੁਤਾਬਕ ਉਸ ਜੋੜੇ ਦਾ ਤਾਂ ਸਿਰਫ 10-12 ਲੱਖ ਰੁਪਏ ਦਾ ਕਮਿਸ਼ਨ ਸੀ, ਜਦਕਿ ਅਸਲੀ ਤੇ ਵੱਡੇ ਮਗਰਮੱਛ ਤਾਂ ਹਾਲੇ ਜਾਂਚ ਉਪਰੰਤ ਸਾਹਮਣੇ ਆਉਣਗੇ, ਉਹ ਵੀ ਜੇਕਰ ਸਹੀ ਜਾਂ ਨਿਰਪੱਖ ਜਾਂਚ ਹੁੰਦੀ ਹੈ। ਕਰੋੜਾਂ ਰੁਪਏ ਦੀ ਹੈਰੋਇਨ ਨਾਲ ਭਰੇ ਇਹ ਕੰਨਟੇਨਰ 'ਆਸ਼ੀ ਟਰੇਡਿੰਗ ਕੰਪਨੀ' ਨਾਂ ਦੀ ਕੰਪਨੀ ਨਾਲ ਸਬੰਧਤ ਹਨ ਜਿਹੜੀ ਕਿ ਵਿਜੇਵਾੜਾ ਵਿਖੇ ਇੰਪੋਰਟ-ਐਕਸਪੋਰਟ ਲਈ ਰਜਿਸਟਰਡ ਹੈ। ਇਸ ਤੋਂ ਇਲਾਵਾ ਇਸ ਕੰਪਨੀ ਦੀ ਹੋਰ ਕੋਈ ਜਾਣਕਾਰੀ ਨਹੀਂ ਹੈ।

ਇਥੇ ਇਹ ਗੱਲ ਵਿਚਾਰਨਯੋਗ ਹੈ ਕਿ ਸਿਰਫ ਇੱਕ ਬਿਆਨ ਜਾਰੀ ਕਰਕੇ ਕੀ ਅਡਾਨੀ ਸਮੂਹ ਦੀ ਜਿੰਮੇਵਾਰੀ ਖਤਮ ਹੋ ਜਾਂਦੀ ਹੈ ? ਇਸ ਤੋਂ ਇਲਾਵਾ ਇਸ ਮੁੱਦੇ 'ਤੇ ਸਰਕਾਰ ਦੀ ਚੁਪਕੀ ਵੀ ਕਈ ਵੱਡੇ ਸਵਾਲ ਖੜੇ ਕਰਦੀ ਹੈ। ਹੈਰੋਇਨ ਦੀ ਇਸ ਬਰਾਮਦੀ ਤੋਂ ਠੀਕ 15 ਦਿਨਾਂ ਬਾਅਦ 1 ਅਕਤੂਬਰ ਨੂੰ ਨਿਊਜ਼ ਏਜੰਸੀ ਵੱਲੋਂ ਸਪੋਕਸਮੈਨ ਅਖਬਾਰ ਦੇ ਮੁੱਖ ਪੰਨੇ 'ਤੇ ਖਬਰ ਪ੍ਰਕਾਸ਼ਤ ਕੀਤੀ ਗਈ ਕਿ ਅਡਾਨੀ ਗਰੁਪ ਦੇ ਗੌਤਮ ਅਡਾਨੀ ਏਸ਼ੀਆਂ ਦੇ ਦੂਜੇ ਸਭ ਤੋਂ ਵੱਧ ਅਮੀਰ ਵਿਅਕਤੀ ਬਣ ਗਏ ਹਨ। ਖਬਰ ਮੁਤਾਬਕ ਉਹ ਤੇ ਉਨ੍ਹਾਂ ਦੇ ਪਰਿਵਾਰ ਨੇ ਪਿਛਲੇ ਇੱਕ ਸਾਲ ਦੌਰਾਨ ਰੋਜ਼ਾਨਾ 1002 ਕਰੋੜ ਰੁਪਏ ਕਮਾਏ ਹਨ। ਪਿਛਲੇ ਇੱਕ ਸਾਲ 'ਚ ਗੌਤਮ ਅਡਾਨੀ ਦੀ ਦੌਲਤ 4 ਗੁਣਾਂ ਵੱਧ ਗਈ ਹੈ, ਜਦਕਿ ਉਸਦਾ ਭਰਾ ਵਿਨੋਦ ਅਡਾਨੀ ਭਾਰਤ ਦਾ 8ਵਾਂ ਸਭ ਤੋਂ ਵੱਧ ਅਮੀਰ ਵਿਅਕਤੀ ਬਣ ਗਿਆ ਹੈ, ਜਿਸਦੀ ਦੌਲਤ 'ਚ 21 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਹੁਣ ਇਨ੍ਹਾਂ ਕੰਨਟੇਨਰਾਂ ਤੇ ਅਡਾਨੀਆਂ ਦੀ ਅਮੀਰੀ ਦੇ ਤਾਰ ਆਪਸ 'ਚ ਕਿੱਥੇ ਜੁੜਦੇ ਹਨ, ਇਹ ਜਾਂਚ ਏਜੰਸੀਆਂ ਦਾ ਵਿਸ਼ਾ ਹੈ।

ਮਨਿਸਟਰੀ ਆਫ ਸੋਸ਼ਲ ਜਸਟਿਸ ਐਂਡ ਐਂਮਪਾਵਰਮੈਂਟ ਦੇ ਅੰਕੜਿਆਂ ਅਨੁਸਾਰ ਦੇਸ਼ ਦੀ ਕੁੱਲ ਆਬਾਦੀ 139.67 ਕਰੋੜ 'ਚੋਂ ਕਰੀਬ 2.1 ਫੀਸਦੀ ਲੋਕ ਸਿੰਥੈਟਿਕ ਨਸ਼ਾ ਲੈਣ ਦੇ ਆਦੀ ਹਨ, ਜੋ ਕਿ 2.94 ਕਰੋੜ ਬਣਦਾ ਹੈ। ਐਂਡਰੀਆ ਨਾਂ ਦੇ ਵਿਗਿਆਨੀ ਅਨੁਸਾਰ ਇੱਕ ਨਸ਼ੇੜੀ ਇੱਕ ਦਿਨ 'ਚ 460 ਮਿ.ਗ੍ਰਾ. (ਕਰੀਬ ਅੱਧਾ ਗ੍ਰਾਮ) ਦੇ 4 ਟੀਕੇ ਲਾਉਂਦਾ ਹੈ। ਇਸ ਹਿਸਾਬ ਨਾਲ 3000 ਕਿੱਲੋ ਹੈਰੋਇਨ ਦਾ 15 ਲੱਖ ਲੋਕਾਂ ਨੇ ਸੇਵਨ ਕਰਨਾ ਸੀ ਪਰ ਨਸ਼ੇ 'ਚ ਕਰੀਬ 5 ਗੁਣਾਂ ਅਡਲਟਰੇਸ਼ਨ (ਮਿਲਾਵਟ) ਕਰਨ ਉਪਰੰਤ ਇਸ ਨੇ 75 ਲੱਖ ਨਸ਼ੇੜੀਆਂ ਦੀ ਖੁਰਾਕ ਬਣਨਾ ਸੀ। ਇਹ ਅੰਕੜੇ ਤਾਂ ਸਿਰਫ ਬਰਾਮਦ ਕੀਤੇ ਹੈਰੋਇਨ ਦੇ 2 ਕੰਨਟੇਨਰਾਂ 'ਤੇ ਆਧਾਰਿਤ ਹਨ ਪਰ ਸੋਚਣ ਤੇ ਵਿਚਾਰਣ ਵਾਲੀ ਗੱਲ ਇਹ ਹੈ ਕਿ ਇਸ ਤੋਂ ਪਹਿਲਾਂ ਪਤਾ ਨਹੀਂ ਕਿੰਨੇ ਕੁ ਕੰਨਟੇਨਰਾਂ ਦੀ ਖੇਪ 'ਤੇ ਏਜੰਸੀਆਂ ਦੀ ਨਜ਼ਰ ਨਾ ਪਈ ਹੋਵੇ ਤੇ ਉਹ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚ ਵੀ ਗਈ ਹੋਵੇ। ਜਰਾ ਸੋਚੋ ਕਿੰਨੇ ਬੁਲੰਦ ਹੌਸਲੇ ਹੋਣਗੇ ਜਾਂ ਕਿੰਨੇ ਉੱਚ ਪੱਧਰੀ ਲਿੰਕ ਹੋਣਗੇ ਉਨ੍ਹਾਂ ਨਸ਼ੇ ਦਿਆਂ ਸਮੱਗਲਰਾਂ ਦੇ, ਜਿਨ੍ਹਾਂ ਨੇ ਅਫਗਾਨਿਸਤਾਨ ਤੋਂ ਪੂਰੇ ਦੇ ਪੂਰੇ ਕੰਨਟੇਨਰਾਂ ਨੂੰ ਹੀ ਟੈਲਕਮ ਪਾਊਡਰ ਕਹਿ ਕੇ ਹੈਰੋਇਨ ਭਰ ਕੇ ਭਾਰਤ ਭੇਜ ਦਿੱਤਾ।

ਜਾਣਕਾਰੀ ਅਨੁਸਾਰ ਇਸ ਬੰਦਰਗਾਹ 'ਤੇ ਹਜਾਰਾਂ ਦੀ ਗਿਣਤੀ 'ਚ ਕੰਨਟੇਨਰ ਹਰ ਰੋਜ਼ ਆਉਂਦੇ ਹਨ। ਅਜਿਹੇ ਨਸ਼ਿਆਂ ਨੂੰ ਸਕੈਨ ਕਰਨ ਲਈ ਘੱਟੋ ਘੱਟ 9 ਮਿਲੀਅਨ ਬੋਲਟ ਦੀ ਐਕਸਰੇ ਮਸ਼ੀਨ ਹੀ ਸਕੈਨ ਕਰ ਸਕਦੀ ਹੈ ਜੋ ਕਿ ਬਹੁਤ ਮਹਿੰਗੀ ਵੀ ਹੁੰਦੀ ਹੈ। ਜੇਕਰ ਬੰਦਰਗਾਹਾਂ 'ਤੇ ਇਹ ਮਸ਼ੀਨਾ ਲਗਾ ਵੀ ਦਿੱਤੀਆਂ ਜਾਣ ਤਾਂ ਵੀ ਦੁਨੀਆ ਦੇ ਵਧੀਆ ਤੋਂ ਵਧੀਆ ਸਕੈਨਰ ਵੀ ਇੱਕ ਘੰਟੇ 'ਚ 10-12 ਕੰਨਟੇਨਰ ਸਕੈਨ ਕਰਨ ਦੀ ਸਮਰੱਥਾ ਹੀ ਰੱਖਦੇ ਹਨ। ਇਸ ਲਈ ਹਰੇਕ ਕੰਨਟੇਨਰ ਦੀ ਸਕੈਨਿੰਗ ਕਰਨਾ ਸੰਭਵ ਨਹੀਂ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਬੰਦਰਗਾਹ ਕਿਨਾਰੇ ਕੰਨਟੇਨਰਾਂ ਦੀ ਲੰਮੀ ਲਾਈਨ ਲੱਗ ਜਾਵੇਗੀ। ਇਸ ਕਾਰਨ ਇਹ ਚੈਕਿੰਗ ਜਾਂ ਸਕੈਨਿੰਗ ਰੈਂਡਮਲੀ ਤੇ ਜਾਂ ਫਿਰ ਇੰਟੈਲੀਜੈਂਸ ਏਜੰਸੀਆਂ ਦੀ ਪੱਕੀ ਜਾਣਕਾਰੀ 'ਤੇ ਆਧਾਰਿਤ ਹੀ ਕੀਤੀ ਜਾ ਸਕਦੀ ਹੈ। ਕੇਰਲਾ ਦੇ ਸਾਬਕਾ ਡੀਜੀਪੀ ਅਨੁਸਾਰ ਅਫ਼ਗਾਨਿਸਤਾਨ 'ਚ 2019 ਤੱਕ 44 ਫੀਸਦੀ ਖੇਤੀਬਾੜੀ ਯੋਗ ਜ਼ਮੀਨ 'ਚ ਪੋਪੀ ਕਲਟੀਵੇਸ਼ਨ ਕੀਤੀ ਜਾਂਦੀ ਸੀ ਜੋ ਕਿ 2020 'ਚ ਵਧ ਕੇ 77 ਫੀਸਦੀ ਹੋ ਗਈ। ਅਫ਼ਗਾਨੀਆਂ ਦੀ ਆਮਦਨ ਦਾ 85 ਫੀਸਦੀ ਧੁਰਾ ਨਸ਼ਿਆਂ ਦੀ ਪੈਦਾਵਾਰ ਹੀ ਹੈ। ਇਸ ਲਈ ਉਹ ਤਾਂ ਇਸ ਕੰਮ ਤੋਂ ਪਿਛੇ ਹਟਣ ਵਾਲੇ ਨਹੀਂ ਹਨ, ਸਾਡੀਆਂ ਸਰਕਾਰਾਂ ਅਤੇ ਇੰਟੈਲੀਜੈਂਸ ਏਜੰਸੀਆਂ ਨੂੰ ਹੀ ਹੋਰ ਸਤੱਰਕ ਹੋਣਾ ਪੈਣਾ ਹੈ।

ਪਿਛਲੇ ਕੁਝ ਕੁ ਸਾਲਾਂ ਤੋਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀਆਂ ਨੂੰ ਨਸ਼ੇੜੀਆਂ ਦੇ ਰੂਪ 'ਚ ਦਿਖਾਇਆ ਜਾ ਰਿਹਾ ਹੈ ਕਿ ਪੰਜਾਬ ਦੀ ਜਵਾਨੀ ਤਾਂ ਨਸ਼ਿਆਂ 'ਚ ਗਲਤਾਨ ਹੋਈ ਫਿਰਦੀ ਹੈ। ਜਦਕਿ ਸਰਕਾਰੀ ਅੰਕੜਿਆਂ ਅਨੁਸਾਰ 2020 'ਚ ਸਭ ਤੋਂ ਜਿਆਦਾ ਨਸ਼ਿਆਂ ਦੀ ਖੇਪ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਤਿਲੰਗਾਨਾ ਤੇ ਤਾਮਿਲਨਾਡੂ 'ਚ ਬਰਾਮਦ ਕੀਤੀ ਗਈ। ਇਸ ਤੋਂ ਪਹਿਲਾਂ 2019 'ਚ ਬਿਹਾਰ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਅਸਾਮ 'ਚ ਨਸ਼ੇ ਦੀਆਂ ਵੱਡੀਆਂ ਖੇਪਾਂ ਬਰਾਮਦ ਕੀਤੀਆਂ ਗਈਆਂ। ਇਹ ਸਭ ਕਹਿਣ ਤੋਂ ਭਾਵ ਇਨ੍ਹਾਂ ਦੋਵਾਂ ਸਾਲਾਂ 'ਚ ਪੰਜਾਬ ਦਾ ਨਾਂ ਕਿਤੇ ਨਹੀਂ ਸੀ। ਇਸ ਤੋਂ ਇਲਾਵਾ ਪਿਛਲੇ ਕਰੀਬ ਡੇਢ ਕੁ ਸਾਲ ਤੋਂ ਚੱਲ ਰਹੇ ਕਿਸਾਨ ਅੰਦੋਲਨ 'ਚ ਪੰਜਾਬ ਦੇ ਨੌਜਵਾਨਾਂ ਵੱਲੋਂ ਕੀਤੀ ਵੱਡੀ ਸ਼ਿਰਕਤ ਨੇ ਵੀ ਪੰਜਾਬੀਆਂ ਦੇ ਸਿਰ ਲੱਗੇ ਨਸ਼ੇੜੀਆਂ ਦੇ ਧੱਬੇ ਨੂੰ ਧੋਹਣ 'ਚ ਵੱਡੀ ਭੂਮਿਕਾ ਨਿਭਾਈ ਹੈ ਜੋ ਕਿ ਸਰਾਹੁਣਯੋਗ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਇਸ ਖੇਪ ਦੀ ਜਾਂਚ 'ਚ ਕਿਸ-ਕਿਸ ਦਾ ਨਾਂ ਸਾਹਮਣੇ ਆਉਂਦਾ ਹੈ ਅਤੇ ਉਸ ਉੱਤੇ ਕੋਈ ਕਾਰਵਾਈ ਵੀ ਹੁੰਦੀ ਹੈ ਜਾਂ ਫਿਰ ਕੁਝ ਦਿਨਾਂ ਲਈ ਮਹਿਜ਼ ਇੱਕ ਸੁਰਖੀ ਹੀ ਬਣ ਕੇ ਰਹਿ ਜਾਂਦੀ ਹੈ।




# ਤੇ ਗੱਲ ਦੇ ਨਾਲ ਗੱਲ ਇਉਂ ਜੁੜਦੀ ਐ

ਪੰਜਾਬੀ ਦੇ ਗੀਤ ਸੱਭਿਆਚਾਰ ਨਾਲ ਜੁੜੇ ਦੋ ਨਾਵਾਂ ਦਾ ਜਨਮ ਦਿਨ ਵੀ ਇੱਕ ਦੋ ਦਿਨਾਂ ਦੇ ਫਰਕ ਨਾਲ ਈ ਐ ਮਾਨਸਾ ਇਲਾਕੇ ਦੀ ਉਹ ਸ਼ਖਸ਼ੀਅਤ ਜਿਸਨੂੰ ਮਾਨਸਾ ਵਾਲਿਆਂ ਸ਼ਾਇਦ ਉਨਾਂ ਮਾਣ ਨਹੀਂ ਦਿੱਤਾ ਜਿੰਨਾ ਦੁਨੀਆਂ ਦੇ ਵੱਖ ਵੱਖ ਕੋਨਿਆਂ ਵਿੱਚ ਵੱਸਦੇ ਪੰਜਾਬੀਆਂ ਤੇ ਸੰਗੀਤ ਪ੍ਰੇਮੀਆਂ ਨੇ ਦਿੱਤਾ ਹੈ। ਸੰਗੀਤ ਦੀਆਂ ਵੱਖ ਵੱਖ ਵਿਧਾਵਾਂ ਤੇ ਭੁਲਾਏ ਜਾ ਚੁੱਕੇ ਗੀਤਕਾਰਾਂ ਅਤੇ ਸੰਗੀਤਕਾਰਾਂ ਬਾਰੇ ਜਾਣਕਾਰੀ ਇਕੱਠੀ ਕਰਨ ਦੇ ਨਾਲ ਨਾਲ ਜਿਸ ਨੂੰ ਪੁਰਾਣੇ ਰਿਕਾਰਡ ਇਕੱਠੇ ਕਰਨ ਦਾ ਵੀ ਜਨੂੰਨੀ ਸ਼ੌਕ ਹੈ। ਫਿਰ ਇਹਨਾਂ ਨੂੰ ਉਹ ਰੀ ਕਰੀਏਟ ਕਰਕੇ ਕਈ ਕੰਪਨੀਆਂ ਨੂੰ ਦੇ ਕੇ ਆਪਣੇ ਸ਼ੌਕ ਨੂੰ ਚਲਦਾ ਰੱਖਣ ਲਈ ਰੋਜ਼ੀ ਰੋਟੀ ਦਾ ਵੀ ਯੁਗਾੜ ਕਰ ਚੁੱਕਾ ਹੈ। 'ਇਸ਼ਕ ਆਖਦਾ ਏ ਤੇਰਾ' ਜਿਹੀਆਂ ਨਾਯਾਬ ਕੈਸੇਟਾਂ ਤੇ ਸੈਂਕੜੇ ਗਾਇਕਾਂ ਨੂੰ ਪੇਸ਼ ਕਰ ਚੁੱਕਿਆ ਮਾਨਸਾ ਦਾ ਹੀਰਾ ਇਹ ਸਾਡਾ ਵੱਡਾ ਵੀਰ 'ਅਸ਼ੋਕ ਬਾਂਸਲ ਮਾਨਸਾ ਵਾਲਾ' ਹੈ। ਜਿਸ ਨੂੰ ਪੰਜਾਬ ਦੀ ਕਿਸੇ ਯੂਨੀਵਰਸਿਟੀ ਨੇ ਕਦੇ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਦੇ ਰੂਬਰੂ ਨਹੀਂ ਕੀਤਾ ਪਰ ਲੰਡਨ ਦੀਆਂ ਯੂਨੀਵਰਸਿਟੀਆਂ ਦੇ ਖੋਜ ਪੱਤਰਾਂ ਵਿੱਚ ਜਿਸਦੇ ਨਾਮ ਤੇ ਸੱਤ ਅੱਠ ਸਫਿਆਂ ਦੇ ਖੋਜ ਪੱਤਰ ਛਪੇ ਹੋਏ ਹਨ। ਮਾਨਸਾ ਵਿਚ ਅਕਸਰ ਆਪਣੀ ਧੁਨ ਵਿੱਚ ਤੁਰੇ ਜਾਂਦੇ ਕਿਸੇ ਨੂੰ ਨਹੀਂ ਪਤਾ ਹੁੰਦਾ ਕਿ ਇਹ ਉਹ ਬੰਦਾ ਜਿਸ ਨੇ ਨਵੀਂ ਪੀੜੀ ਦੇ ਗਾਇਕਾਂ ਤੋਂ ਪਹਿਲਾਂ ਆਪਣੇ ਜਿਲ੍ਹੇ ਦਾ ਨਾਮ ਦੁਨੀਆਂ ਦੇ ਸੰਗੀਤ ਪਰਿਵਾਰ ਵਿਚ ਕਾਇਮ ਕੀਤਾ। ਬਾਲੀਵੁੱਡ ਵਿਚ ਸਥਾਪਿਤ ਪੰਜਾਬੀ ਗਾਇਕਾਵਾਂ ਤੇ ਗਾਇਕਾਂ ਤੋਂ ਲੈ ਕੇ ਪਾਕਿਸਤਾਨ ਦੇ ਨਾਮਵਰ ਗਾਇਕਾਂ ਨਾਲ ਕੰਮ ਕਰ ਚੁੱਕਾ ਅਸ਼ੋਕ ਅੱਜ ਵੀ ਪੰਜਾਬੀ ਸੰਗੀਤ ਦਾ ਬਹੁਤ ਕੁੱਝ ਸੰਭਾਲੀ ਬੈਠਾ ਹੈ । ਜੋ ਇੱਕ ਮਿਊਜ਼ੀਅਮ ਵਾਂਗ ਹੈ। ਮੇਰੇ ਨਾਲ ਵਾਹ ਇਹਨਾਂ ਦਾ ਚੜਦੀ ਉਮਰ ਵਿੱਚ ਪਾਕਿਸਤਾਨੀ ਗਾਇਕਾਂ ਦੇ ਗੀਤ ਰਿਕਾਰਡ ਕਰਨ ਕਰਕੇ ਪਿਆ ਸੀ ਜੋ ਬਾਅਦ ਵਿਚ ਮੇਰੇ ਹੀ ਇੱਕ ਦੋਸਤ ਦੀ ਪਲੇਠੀ ਕੈਸਟ ਪ੍ਰੋਡਿਊਸ ਕਰਨ ਕਰਕੇ ਬਹੁਤ ਗਹਿਰਾ ਹੋ ਗਿਆ । ਹੁਣ ਪਰਿਵਾਰ ਦੇ ਹਿੱਸੇ ਵਾਂਗ ਗੱਲ ਹੈ। ਅੱਜ ਵੀ ਅਸ਼ੋਕ ਕੋਲ ਦਸ ਮਿੰਟ ਬੈਠੋ ਤੇ ਪਤਾ ਨਹੀਂ ਕਿਹੜੀ ਸੰਗੀਤਕ ਹਸਤੀ ਦਾ ਫੋਨ ਆ ਜਾਵੇ ਜਾਂ ਪਕਿਸਤਾਨ ਵਾਲੇ ਕਿਸੇ ਗੀਤ ਦੀ ਮੰਗ ਕਰ ਲੈਣ। ਮੈਂ ਜਨਮ ਦਿਨ ਦੇ ਮੌਕੇ ਤੇ ਬਾਈ ਜਿਸਨੂੰ ਮੈਂ ਬਾਬਾ ਬਾਂਸਲ ਵੀ ਕਹਿ ਦਿੰਦਾ ਹਾਂ ਇੱਕੋ ਬੇਨਤੀ ਕਰਦਾ ਹਾਂ ਕਿ ਜਦ ਫਲਾਇਟਾਂ ਖੁੱਲ ਜਾਣ ਤਾਂ ਲੰਡਨ ਜਾ ਕੇ ਪੰਜਾਬ ਦੇ ਅਣਗੌਲੇ ਗੀਤਕਾਰਾਂ ਬਾਰੇ ਜੋ ਤੁਸੀਂ ਖਜ਼ਾਨਾ ਇਕੱਠਾ ਕੀਤਾ ਉਹ ਰੀਲੀਜ਼ ਕਰ ਦਿਓ ਇਹ ਸਾਡੇ ਸਭ ਲਈ ਬਹੁਤ ਵੱਡਾ ਤੋਹਫਾ ਹੋਵੇਗਾ। ਜਨਮ ਦਿਨ 8 ਅਕਤੂਬਰ ਦੀਆਂ ਬਹੁਤ ਬਹੁਤ ਮੁਬਾਰਕਾਂ ਬਾਈ ਜੀ---

ਵੱਲੋਂ
ਵਿਸ਼ਵਦੀਪ ਬਰਾੜ ਮਾਨਸਾ

ਬਠਿੰਡਾ ਜ਼ਿਲ੍ਹੇ ਵਿੱਚ ਸੁੰਡੀ ਦੇ ਮਾਰ ਹੇਠ ਆਏ ਨਰਮੇ ਦਾ ਫਸਲ ਦਾ ਜਾਇਜ਼ਾ ਲੈਣ ਲਈ , ਮੁੱਖ ਮੰਤਰੀ ਪੰਜਾਬ ਸ੍ਰ ਚਰਨਜੀਤ ਸਿੰਘ ਚੰਨੀ ਖੁਦ ਆਏ। ਤਸਵੀਰਾਂ ਵਿੱਚ ਲਾਚਾਰ ਖੜ੍ਹੇ ਖੇਤਾਂ ਦੇ ਪੁੱਤ ਦੇਖ ਕੇ ਮਰਾੜ੍ਹਾਂ ਵਾਲੇ ਮਾਨ ਦੀ ਕਲਮ ਵੀ ਰੋ ਪਈ, ਦੇਖਿ? ਉਸ ਕਲਮ ਚੋਂ ਟਪਕੇ ਅਥਰੂ--



ਜੱਟ ਵੱਟ ਤੇ ਖਲੋਤਾ ਰੋਏ
ਸੁੰਡੀ ਖਾ ਗਈ ਨਰਮੇ ਨੂੰ
ਭੁੱਬਾਂ ਮਾਰ ਕੇ ਅੱਖਾਂ 'ਚੋਂ ਹੰਝੂ ਚੋਏ
ਸੁੰਡੀ ਖਾ ਗਈ ਨਰਮੇ ਨੂੰ
ਤਿੰਨ ਤਿੰਨ ਵਾਹਾਂ ਪਾ ਕੇ ਧਰਤੀ ਬਣਾਈ ਮੈਂ
ਗਰਮੀ ਦੀ ਰੁੱਤ ਸਾਰੀ ਪਿੰਡੇ ਤੇ ਹੰਢਾਈ ਮੈਂ
ਮੈਂ ਹੀ ਜਾਣਾਂ ਮਹਿੰਗੇ ਭਾਅ ਦੀ ਖਾਦ ਕਿਵੇਂ ਪਾਈ ਮੈਂ
ਮਰ ਮਰ ਪਾਈ ਕੀਟ ਨਾਸ਼ਕ ਦਵਾਈ ਮੈਂ
ਮੈਨੂੰ ਮਾਰ ਗਈ ਕੀਟਾਣੂ ਨਹੀਂ? ਮੋਏ
ਸੁੰਡੀ ਖਾ ਗਈ ਨਰਮੇ ਨੂੰ
ਮਸਾਂ ਹੀ ਫਸਲ ਕਿਤੇ ਪੱਕਣ ਤੇ ਆਈ ਸੀ
ਲੱਗੇ ਨਾ ਨਜ਼ਰ ਕਾਲੀ ਤੌੜੀ ਵੀ ਟੰਗਾਈ ਸੀ
ਅੰਬਰ ਨੂੰ ਵੇਖ ਵੇਖ ਪਾ ਰਿਹਾ ਦੁਹਾਈ ਸੀ
ਇਹ ਤਾਂ ਰੱਬਾ ਮੇਰੀ ਦਸਾਂ ਨੌਹਾਂ ਦੀ ਕਮਾਈ ਸੀ
ਰੱਬ ਵੇਖ ਲੇ, ਕਿਤੇ ਜੇ ਵੇਂਹਦਾ ਹੋਏ
ਸੁੰਡੀ ਖਾ ਗਈ ਨਰਮੇ ਨੂੰ
ਅੱਖਾਂ ਵਿੱਚ ਹੰਝੂ,ਕੋਈ ਚਲਦੀ ਨਾ ਵਾਹ ਐ
ਹਰ ਇਕ ਸਾਹ ਉਹਦਾ ਬਣ ਗਿਆ ਹਾਅ ਏ
ਮੱਘਰ ਮਹੀਨੇ ਛੋਟੀ ਭੈਣ ਦਾ ਵਿਆਹ ਏ
ਅੱਖਾਂ ਸਾਹਵੇਂ ਹੋਏ ਸਭ ਸੁਪਨੇ ਸੁਆਹ ਏ
ਧੱਕਾ ਦੇ ਗਏ ਨਸੀਬ ਡੂੰਘੇ ਟੋਏ
ਸੁੰਡੀ ਖਾ ਗਈ ਨਰਮੇ ਨੂੰ
ਠੇਕੇ ਦੀ ਰਕਮ ਕੋਈ ਸੱਠ ਕੁ ਹਜ਼ਾਰ ਏ
ਅੱਧੀ ਬਾਕੀ ਰਹਿੰਦੀ, ਅੱਧੀ ਦਿੱਤੀ ਪਹਿਲਾਂ ਤਾਰ ਐ
ਪੱਕੀ ਸੀ ਫਸਲ ਆਕੇ ਪਈ ਕਿੱਥੇ ਮਾਰ ਐ
ਪੂਰੀ ਤਰ੍ਹਾਂ ਬੇੜੀ ਅਜੇ ਲੰਘੀ ਨਹੀਂ? ਪਾਰ ਐ
ਆਕੇ ਕੰਢੇ ਉੱਤੇ ਰੱਬ ਨੇ ਡਬੋਏ
ਸੁੰਡੀ ਖਾ ਗਈ ਨਰਮੇ ਨੂੰ
ਜੱਟ ਮਾਰ ਕੇ ਮੱਥੇ ਤੇ ਹੱਥ ਰੋਏ

ਬਾਬੂ ਸਿੰਘ ਮਾਨ ਮਰਾੜਾ ਵਾਲੇ ਦਾ ਜਨਮ ਦਿਨ 10 ਅਕਤੂਬਰ 1942 ਹੈ ।

**ਅਦਾਰਾ ਪੰਜਾਬੀ ਅਖ਼ਬਾਰ ਵੱਲੋਂ ਪੰਜਾਬੀ ਸੱਭਿਆਚਾਰ ਦੇ ਦੋਵੇਂ ਨਰੋਏ ਥੰਮਾਂ ਨੂੰ ਜਨਮਦਿਨ ਮੁਬਾਰਕ ਹੋਵੇ ।**




# ਚੰਨ ਨੂੰ ਆਬਾਦ ਕਰਨ ਵਾਲਿਓ, ਧਰਤੀ ਨੂੰ ਬਰਬਾਦੀ ਤੋਂ ਬਚਾਓ



ਸਾਨੂੰ ਮਾਣ ਹੈ ਕਿ ਦੁਨੀਆਂ ਭਰ ਦੀ ਤਹਿਜ਼ੀਬ ਲਈ ਪਹਿਲੀ ਪੁਸਤਕ ਪੰਜਾਬ ਦੇ ਪਾਣੀਆਂ ਕਿਨਾਰੇ ਰਚੀ ਗਈ ਸੀ। ਇਸ ਅਨੁਸਾਰ ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਹੁੰਦਾ ਹੈ। ਸਾਡੀ ਸੰਯੁਕਤ ਪਰਿਵਾਰ ਵਾਲੀ ਪਿਰਤ ਨਾਲ ਪਲੀਆਂ ਸਾਂਝਾਂ ਖੱਬਲ ਦੀਆਂ ਤਿੜ੍ਹਾਂ ਵਾਂਗ ਸਿਉਂਤੀਆਂ ਰਹੀਆਂ ਹਨ। ਕਿਸੇ ਇਕ ਤਿੜ੍ਹ ਨੂੰ ਖਿੱਚੋ ਹੋਰ ਸਾਰੀਆਂ ਨਾਲ ਆ ਰਲਦੀਆਂ ਹਨ। ਪਰਿਵਾਰ ਉਹ ਪੰਘੂੜਾ ਹੈ ਜਿਸ ਵਿਚ ਪਲਦਿਆਂ ਹਰ ਆਦਮੀ ਦੀਆਂ ਸੋਚਾਂ, ਸੱਧਰਾਂ ਅਤੇ ਸੁਪਨੇ ਕੁੱਝ ਪੂਰ ਚੜ੍ਹਦੇ, ਕੁੱਝ ਲੁੜਕਦੇ ਸਾਡੀ ਸੋਝੀ ਨੂੰ ਤਿੱਖਾ ਕਰਦੇ ਹਨ। ਪਰਿਵਾਰ ਵਿਚ ਹੰਢਾਏ ਪਲ ਯਾਦਾਂ ਦਾ ਸਰਮਾਇਆ ਬਣਦੇ ਹਨ। ਕਿਸੇ ਵੱਡੇ ਦੀਆਂ ਝਿੜਕਾਂ, ਕਿਸੇ ਦੀ ਬੁੱਕਲ ਦਾ ਨਿੱਘ ਜਾਂ ਕਿਸੇ ਹੋਰ ਦੁਆਰਾ ਅੰਗੂਠੇ ਨਾਲ ਦੀ ਉਂਗਲ ਖੜ੍ਹੀ ਕਰ ਕੇ ਦਿੱਤੀ ਵਰਜਣਾ, ਹਦਾਇਤ ਅਤੇ ਨਸੀਹਤ ਹੀ ਸਾਡੀ ਉਸਾਰੀ ਕਰਦੀਆਂ ਰਹੀਆਂ ਹਨ। ਘੁਰਕੀ ਮਿਲੀ ਨੂੰ ਅੰਦਰ ਪੀ ਜਾਣ ਵਾਲਾ ਨਜ਼ਾਰਾ ਹੀ ਟੱਬਰ ਵਿਚ ਤੱਤਾ-ਠੰਢਾ ਸਮੋ ਲੈਣ ਜਿਹਾ ਸਬਰ ਸਿਖਾ ਜਾਂਦਾ ਰਿਹਾ। ਭਰੇ-ਭਕੁੰਨੇ ਘਰਾਂ ਦੀਆਂ ਨਿਭਦੀਆਂ ਸਾਂਝਾਂ ਵਾਲਾ ਜੀਵਨ ਜਿਤਨਾ ਸਾਨੂੰ ਰਾਸ ਆਇਆ ਸੀ ਉਤਨਾ ਹੀ ਹੁਣ ਟੁਟਦੀ ਹਰ ਇਕਾਈ ਨੇ ਸਾਨੂੰ ਤੋੜਿਆ ਹੈ। ਉਸ ਪਰਿਵਾਰ ਵਿਚ ਹੀ ਅਸੀਂ ਵਰਤਮਾਨ ਨੂੰ ਉਧੇੜ ਕੇ ਭਵਿੱਖ ਨੂੰ ਸਿਉਂ ਲੈਣ ਜਿਹੀ ਲੋਚਾ ਪਾਲਦੇ ਰਹੇ। ਉਦੋਂ ਕਬੀਲਦਾਰੀ ਦੀ ਪੰਡ ਨੂੰ ਚੁੱਕਣ ਲਈ ਚਾਰ ਹੱਥ ਲੋੜੀਂਦੇ ਸਨ। ਸਾਡੀ ਅਲਗ ਹੋ ਕੇ ਜਿਉਣ ਦੀ ਤਾਂਘ ਨੇ ਧਰਤੀ ਦੀਆਂ ਦੂਰੀਆਂ ਸਮੇਟ ਕੇ ਇੱਕੋ ਛੱਤ ਹੇਠ ਰਹਿ ਰਹੇ ਦੋ ਜੀਆਂ ਵਿਚਕਾਰ ਦੂਰੀਆਂ ਵਿਛਾ ਧਰੀਆਂ ਹਨ। ਬੇ-ਵਫ਼ਾਈ, ਬੇ-ਰੁਖੀ ਅਤੇ ਬੇ-ਸਬਰੀ ਦਾ ਬੋਲ ਬਾਲਾ ਬੀਜ ਧਰਿਆ ਹੈ। ਹਰ ਸੀਨੇ ਵਿਚ ਪਲ੍ਹਰਦਾ ਖ਼ੁਦ ਬੀਮਾਰੀ ਅਤੇ ਉਦਾਸੀ ਨੂੰ ਜਨਮਦਾ ਰਿਹਾ। ਤਲਾਕ, ਆਤਮ ਹੱਤਿਆ ਜਾਂ ਬਲਾਤਕਾਰ ਜਿਹੇ ਸਿਰਲੇਖ ਸਾਡੇ ਦੁਆਲੇ ਮੰਡਰਾਉਣ ਲੱਗੇ।

ਧਰਮੀ ਬੰਦੇ ਆਖ ਦੇ ਹਨ ਇਹ ਖ਼ੁਸ਼ੀ ਗ਼ਮੀ ਤਾਂ ਅੰਦਰੋਂ ਹੀ ਤਲਾਸ਼ਣੀ ਪੈਂਦੀ ਹੈ। ਉਲਾਰ ਡੁਲ੍ਹਦੀਆਂ ਲਾਲਸਾਵਾਂ ਰੂਹਾਂ ਦਾ ਰੱਜ ਜਾਂ ▼ਮਨ ਜੀਤੇ ਜਗ ਜੀਤ▼ਤਕ ਨਹੀਂ ਅਪੜ ਸਕਦੀਆਂ। ਸੁੱਚੇ ਪਿਆਰ ਅਤੇ ਸੁਹਿਰਦ ਵਿਹਾਰ ਹੀ ਸ਼ਰਬਤੀ ਰਿਸ਼ਤੇ ਸਿਰਜ ਸਕਦੇ ਹਨ, ਨਹੀਂ ਤਾਂ ਸੌਦੇ ਦੀ ਡੰਡੀ ਤੁਲਦੇ ਵਿਆਹ ਇਕ ਵਕਤੀ ਝਰਨਾਟ ਤਕ ਹੀ ਮਸਾਂ ਅਪੜਦੇ ਹਨ। ਇਹ ਗੰਧਲੇ ਰਿਸ਼ਤੇ ਸਾਰੇ ਕਲੇਸ਼ ਦੀ ਜੜ੍ਹ ਹਨ ਜੋ ਸਰੋਵਰ ਦੀਆਂ ਪਵਿੱਤਰ ਛੱਲਾਂ ਵਿਚ ਲਿਖੀ ਸੁੱਚੀ ਇਬਾਰਤ ਦੇ ਅਰਥ ਸਾਡੇ ਸੀਨੇ ਤਕ ਨਹੀਂ ਅਪੜਨ ਦਿੰਦੇ। ਰਿਸ਼ਤਿਆਂ ਦੀ ਅਜਿਹੀ ਪਕੜ ਲਈ ਗਵਾਹੀ ਭਰਦੀ ਇਕ ਘਟਨਾ ਯਾਦ ਆਈ ਹੈ—

ਇਕ ਵਾਰੀ ਇਕ ਆਦਮੀ ਆਪਣੀ ਧੀ ਨਾਲ ਕੋਈ ਰਸਤਾ ਸਰ ਕਰਨ ਜਾ ਰਿਹਾ ਸੀ। ਰਾਹ ਵਿਚ ਕਿਤੇ ਡੂੰਘਾ ਪਾਣੀ ਦਾ ਖਾਲ ਆਇਆ ਤਾਂ ਉਸ ਨੇ ਧੀ ਨੂੰ ਕਿਹਾ ਕਿ ਤੂੰ ਮੇਰਾ ਹੱਥ ਫੜ ਲੈ, ਆਪਾਂ ਪਾਣੀ ਤੋਂ ਪਾਰ ਜਾਣਾ ਹੈ। ਪਰ ਧੀ ਨੇ ਕਿਹਾ ਕਿ ਨਹੀਂ, ਤੁਸੀਂ ਮੇਰਾ ਹੱਥ ਫੜੋ, ਆਪਾਂ ਫੇਰ ਪਾਰ ਜਾ ਸਕਾਂਗੇ। ਇਸ ਤੇ ਪਿਤਾ ਨੇ ਕਿਹਾ ਕਿ ਗੱਲ ਤਾਂ ਇੱਕੋ ਹੈ, ਤੂੰ ਮੇਰਾ ਹੱਥ ਫੜੇਂ ਜਾਂ ਮੈਂ ਤੇਰਾ ਹੱਥ ਫੜਾਂ। ਧੀ ਨੇ ਕਿਹਾ,▼ਨਹੀਂ, ਗੱਲ ਇੱਕੋ ਨਹੀਂ ਹੈ। ਸਾਡੀ ਪੀੜ੍ਹੀ ਭੀੜ ਪਈ ਤੋਂ ਆਪਣਾ ਆਪ ਬਚਾਉਣ ਲਈ ਹੱਥ ਛੱਡ ਵੀ ਸਕਦੀ ਹੈ ਪਰ ਤੁਸੀਂ ਮੇਰਾ ਹੱਥ ਆਪਾ ਵਾਰਨ ਤਕ ਵੀ ਨਹੀਂ ਛੱਡੋਗੇ▼। ਅਸਲ ਵਿਚ ਦੋ ਪੀੜ੍ਹੀਆਂ ਵਿਚਕਾਰ ਪਲਦੀ ਸਾਂਝ ਵਿਚਲੀ ਇਹ ਵਿੱਥ ਹੀ ਪਵਾੜੇ ਪਾ ਰਹੀ ਹੈ ਜਿਥੇ ਨਿੱਜੀ ਸਵਾਰਥ ਸਿਰ ਚੁੱਕਦਾ ਹੈ। ਗੱਲ ਤਾਂ ਦੂਜਿਆਂ ਲਈ ਆਪਾ ਵਾਰਨ ਦੀ ਹੈ, ਗੱਲ ਤਾਂ ਸਮਰਪਣ ਦੀ ਹੈ, ਗੱਲ ਤਾਂ ਕੁਰਬਾਨੀ ਦੀ ਹੈ। ਇਸ ਤਰ੍ਹਾਂ ਦੇ ਸੰਬੰਧ ਅਸੀਂ ਵਿਰਾਸਤ ਤਕ ਨਹੀਂ ਦੇ ਸਕਾਂਗੇ। ਗ਼ਰਜ਼ਾਂ ਦੀ ਐਨਕ ਲਾ ਕੇ ਦੇਖਿਆਂ ਇਹ ਗੱਲ ਮੰਨਣ ਵਿਚ ਨਹੀਂ ਆਉਂਦੀ ਕਿ ਸਾਡੇ ਅੰਦਰਲੇ ਪ੍ਰਦੂਸ਼ਣ ਨੇ ਹੀ ਬਾਹਰਲਾ ਗੰਧਲਾਪਣ ਸਹੇੜਿਆ ਹੈ। ਪਹਿਲਾਂ ਕੁਦਰਤ ਦੀ ਗੋਦ ਵਿਚ ਮਨੁੱਖ ਪਲਦੇ ਰਹੇ ਫੇਰ ਕੁਦਰਤ ਨੂੰ ਹੀ ਲੁੱਟਣ ਲਗ ਪਏ। ਹੁਣ ਉਸ ਦਾ ਰੇਪ ਕਰਨ ਜਾ ਲੱਗੇ ਹਨ। ਚੁਰਾਸੀ ਲੱਖ ਜੂਨਾਂ ਵਿੱਚੋਂ ਇਕੱਲਾ ਮਨੁੱਖ ਹੀ ਕਮਾਉਂਦਾ ਹੈ ਪਰ ਉਸੇ ਦਾ ਢਿੱਡ ਨਹੀਂ ਭਰਦਾ। ਸੁਣਿਆ ਹੈ ਹੁਣ ਮਨੁੱਖ ਨੇ ਚੰਨ ਨੂੰ ਜਾ ਪੌੜੀ ਲਾਈ ਹੈ। ਤਰੱਕੀ ਦੇ ਅਜੇਹੇ ਮਨਸੂਬਿਆਂ ਨੇ ਧਰਤੀ ▼ਤੋਂ ਉਸ ਦੇ ਪੈਰ ਚੱਕ ਦਿੱਤੇ ਹਨ। ਧਰਤੀ ▼ਤੋਂ ਪੈਰਾਂ ਦਾ ਪਿਆ ਇਹ ਫਾਸਲਾ ਹੀ ਕਰੋਨਾਵਾਇਰਸ ਮਹਾਂਮਾਰੀ ਵਰਗੀਆਂ ਅਲਾਮਤਾਂ ਨੂੰ ਸੱਦਾ ਹੈ। ਆਓ ਰਲ-ਮਿਲ ਕੇ ਉਸੇ ਧਰਤੀ ਵੱਲ ਪਰਤੀਏ ਜਿਸ ਵਿਚ ਆਖਰ ਨੂੰ ਜਾ ਸਮਾਉਣਾ ਹੈ।

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਇਨਾਮ ਜਿੱਤਣਾ-ਇਨਾਮ ਵੰਡਣਾ




ਇਨਾਮ ਪ੍ਰਤਿਭਾ ਨੂੰ ਨਿਖਾਰਦੇ ਹਨ ਜੇ ਉਹ ਸਹੀ ਤਰੀਕੇ ਨਾਲ ਦਿੱਤੇ ਜਾਣ ਤੇ ਲੈਣ ਵਾਲੇ ਵੱਲੋਂ ਸਹੀ ਨੀਤ ਨਾਲ ਲਏ ਜਾਣ। ਜਿੰਨੇ ਸਖ਼ਤ ਮੁਕਾਬਲੇ ਵਿੱਚੋਂ ਕੋਈ ਇਨਾਮ ਪ੍ਰਾਪਤ ਕਰੇਗਾ, ਓਨੀ ਹੀ ਪ੍ਰਤਿਭਾ ਨਿਖਰ ਕੇ ਸਾਹਮਣੇ ਆਵੇਗੀ।

ਜਦੋਂ ਇਨਾਮ ਜਿੱਤਣ ਦੀ ਥਾਂ ਵੰਡੇ ਜਾਣ ਲੱਗ ਪੈਣ ਫੇਰ ਉਸ ਖੇਤਰ ਵਿੱਚ ਤਰੱਕੀ ਦਾ ਸੁਪਨਾ ਵੇਖਣਾ ਵੀ ਇੱਕ ਸੁਪਨਾ ਹੀ ਹੈ। ਹੋਰਾਂ ਦਾ ਤਾਂ ਮੈਨੂੰ ਪਤਾ ਨਹੀਂ ਪਰ ਪੰਜਾਬੀ ਸਾਹਿਤ ਵਿੱਚ ਇਹ ਰੁਝਾਣ ਬੜਾ ਮਾੜਾ ਚੱਲਿਆ ਹੋਇਆ ਹੈ, ਇੱਥੇ ਜਿਆਦਾਤਰ ਬੰਦੇ ਦੀ ਉਮਰ ਅਤੇ ਉਸ ਦੀਆਂ ਕਿਤਾਬਾਂ ਦੀ ਗਿਣਤੀ ਵੇਖ ਕੇ ਹੀ ਇਨਾਮ ਵੰਡੇ ਜਾਂਦੇ ਹਨ, ਜਿੱਤੇ ਨਹੀਂ ਜਾਂਦੇ। ਪਹਿਲਾਂ ਇਹ ਲੈ ਗਿਆ ਸੀ, ਹੁਣ ਉਸ ਨੂੰ ਦੇ ਦਿਓ ਫੇਰ ਉਸ ਨੂੰ ਦੇ ਦੇਵਾਂਗੇ। ਜਿਵੇਂ ਇਹ ਕੋਈ ਇਨਾਮ ਨਾ ਹੋ ਕੇ ਖਿੱਲਾਂ ਦਾ ਭੋਗ ਹੋਵੇ ਕਿ ਵਾਰੀ ਵਾਰੀ ਸਭ ਨੂੰ ਆ ਜਾਵੇਗਾ। ਇਨਾਮਾਂ ਵਿੱਚ ਕਦੇ ਵਾਰੀ ਨਹੀਂ ਹੁੰਦੀ, ਨਾ ਹੀ ਹੋਣੀ ਚਾਹੀਦੀ ਹੈ। ਕਦੀ ਇਹ ਸੁਣਿਆ ਹੈ ਕਿ ਫਲਾਣੀ ਟੀਮ ਨੂੰ ਵਿਚਾਰੀ ਨੂੰ ਕਿੰਨੇ ਸਾਲ ਹੋ ਗਏ ਖੇਡਦੀ ਨੂੰ, ਹੁਣ ਵਿਸ਼ਵ ਕੱਪ ਉਸ ਨੂੰ ਦੇ ਦਿਓ ? ਜਾਂ ਇਹ ਸੁਣਿਆ ਹੋਵੇ ਕਿ ਫਲਾਣੀ ਟੀਮ ਤਾਂ ਪਿਛਲੀ ਵਾਰ ਜਿੱਤ ਚੁੱਕੀ ਹੈ, ਹੁਣ ਉਹ ਨਹੀਂ ਲੈ ਸਕਦੀ, ਉਸ ਦੀ ਵਾਰੀ ਕੱਟੀ ਗਈ ? ਇਹ ਕਦੀ ਨਹੀਂ ਹੁੰਦਾ। ਜਿਸ ਵਿੱਚ ਪ੍ਰਤਿਭਾ ਹੋਵੇਗੀ ਉਹ ਚਾਹੇ ਦਸ ਵਾਰ ਜਿੱਤੇ। ਸਗੋਂ ਰਿਕਾਰਡ ਬਣਾਏ ਜਾਂਦੇ ਹਨ। ਮੈਨੂੰ ਲਗਦਾ ਹੈ ਕਿ ਸਾਹਿਤ ਵਿੱਚ ਵੀ ਇੰਝ ਹੀ ਰਿਕਾਰਡ ਬਣਨੇ ਚਾਹੀਦੇ ਹਨ। ਮੁਕਾਬਲਾ ਜਿੰਨਾ ਵੱਡਾ ਤੇ ਫਸਵਾਂ ਹੋਵੇਗਾ ਓਨਾ ਹੀ ਸਾਹਿਤ ਨਿੱਖਰੇਗਾ। ਪਿੱਛੇ ਜਿਹੇ ਢਾਹਾਂ ਵਾਲਿਆਂ ਨੇ ਪਾਕਿਸਤਾਨੀ ਲੇਖਕ ਨੂੰ ਦੂਸਰੀ ਵਾਰ ਇਨਾਮ ਦਿੱਤਾ ਤਾਂ ਬਹੁਤਿਆਂ ਨੇ ਇਸ ਉਪਰ ਹੀ ਰੌਲਾ ਪਾ ਲਿਆ ਕਿ ਉਸ ਨੂੰ ਤਾਂ ਪਹਿਲਾਂ ਮਿਲ ਗਿਆ ਸੀ ਕਿ ਹੁਣ ਕਿਸੇ ਹੋਰ ਨੂੰ ਵਾਰੀ ਦੇਣੀ ਸੀ। ਵਾਰੀ ? ਕੀ ਇਹ ਕੱਸੀ ਦੇ ਪਾਣੀ ਦੀ ਵਾਰੀ ਹੈ ? ਮੁਕਾਬਲਾ ਨਹੀਂ ? ਵਾਰੀ ਨੇ ਸਾਹਿਤ ਦਾ ਕਿੰਨਾ ਨੁਕਸਾਨ ਕੀਤਾ ਹੈ ? ਇਹ ਸੋਚਣਾ ਪਵੇਗਾ। ਜੇ ਹੋਰਾਂ ਦੇ ਮੁਕਾਬਲੇ ਉਸ ਨੇ ਚੰਗਾ ਸਿਰਜਿਆ ਹੈ ਤਾਂ ਉਹ ਜਰੂਰ ਜਿੱਤਣਾ ਚਾਹੀਦਾ ਹੈ ਚਾਹੇ ਦਸ ਵਾਰ ਜਿੱਤੇ।

ਇਸ ਵਾਰੀ ਵਿੱਚ ਬਹੁਤ ਬਿਹਤਰੀਨ ਕਿਤਾਬਾਂ ਰੁਲ ਗਈਆਂ। ਕਿੰਨੇ ਹੀ ਅਜਿਹੇ ਲੇਖਕ ਹਨ ਜਿਹਨਾਂ ਨੇ ਇੱਕ ਵੀ ਚੱਜ ਦੀ ਕਿਤਾਬ ਨਹੀਂ ਲਿਖੀ ਕੀ ਗਿਣਤੀ ਜਾਂ ਦੋਸਤੀ ਦੇਖ ਕੇ ਉਸ ਨੂੰ ਇਨਾਮ ਦੇ ਦੇਣਾ ਚਾਹੀਦਾ ਹੈ ? ਪੰਜਾਬੀ 'ਚ ਕਿੰਨੇ ਹੀ ਅਜਿਹੇ ਲੇਖਕ ਨੇ ਜਿਹਨਾਂ ਦੀ ਪਹਿਲੀ ਕਿਤਾਬ ਹੀ ਇਹਨਾਂ ਇਨਾਮੀ ਲੇਖਕਾਂ ਦੀਆਂ ਪੰਜਾਹ ਪੰਜਾਹ ਕਿਤਾਬਾਂ ਉਪਰ ਭਾਰੂ ਪੈਂਦੀ ਹੈ ਪਰ ਆਪਾਂ ਪੰਜਾਬੀ ਵਾਲਿਆਂ ਨੇ ਚੰਗੀ ਕਿਤਾਬ ਦੀ ਕਦਰ ਨਹੀਂ ਪਾਈ। ਮੰਨ ਲਓ, ਉਲੰਪਿਕ ਵਿੱਚ ਕੋਈ ਖਿਡਾਰੀ ਪੰਜ ਛੇ ਵਾਰ ਖੇਡਿਆ ਹੈ ਪਰ ਇੱਕ ਵਾਰ ਵੀ ਮੈਡਲ ਨਹੀਂ ਜਿੱਤ ਸਕਿਆ ਤੇ ਦੂਸਰਾ ਕੋਈ ਪਹਿਲੀ ਵਾਰ ਖੇਡਣ ਜਾਂਦਾ ਹੈ ਤੇ ਪਹਿਲੀ ਵਾਰ ਹੀ ਜਿੱਤ ਜਾਂਦਾ ਹੈ, ਅਸੀਂ ਬਹੁਤ ਖੁਸ਼ ਹੁੰਦੇ ਹਾਂ। ਉਸ ਨੂੰ ਸ਼ਾਬਾਸ਼ ਦਿੰਦਾ ਹਾਂ ਤਾਂ ਫੇਰ ਅਸੀਂ ਪੰਜਾਬੀ ਸਾਹਿਤ ਵਿੱਚ ਪਹਿਲੀ ਹੀ ਚੰਗੀ ਕਿਤਾਬ ਲਿਖਣ ਵਾਲੇ ਨੂੰ ਸ਼ਾਬਾਸ਼ ਕਿਉਂ ਨਹੀਂ ਦੇ ਪਾਉਂਦੇ ? ਅਸੀਂ ਅੱਖਾਂ ਮੀਟ ਲੈਂਦੇ ਹਾਂ, "ਅਜੇ ਤੇਰੀ ਵਾਰੀ ਨਹੀਂ।" ਇਨਾਮਾਂ ਵਿੱਚ ਪ੍ਰਤਿਭਾ ਦੀ ਕਦਰ ਹੁੰਦੀ ਹੈ ਤੇ ਹੋਣੀ ਚਾਹੀਦੀ ਹੈ ਵਾਰੀ ਦੀ ਨਹੀਂ।

ਮੇਰੀ ਸੋਚ ਹੈ ਕਿ ਇਨਾਮ ਚੰਗੀ ਕਿਤਾਬ ਨੂੰ ਮਿਲਣਾ ਚਾਹੀਦਾ ਹੈ ਚਾਹੇ ਉਹ ਪਹਿਲੀ ਕਿਤਾਬ ਹੋਵੇ। ਇਨਾਮ ਵੇਲੇ ਸਿਰਫ ਸਾਹਿਤ ਵੇਖਿਆ ਜਾਵੇ ਹੋਰ ਕੁਝ ਨਹੀਂ। ਬਹੁਤੀ ਵਾਰ ਚੰਗੇ ਲੇਖਕ ਨੂੰ ਵੀ ਇਨਾਮ ਦੇ ਕੇ, ਨਾ ਦਿੱਤਿਆਂ ਵਰਗਾ ਕਰ ਦਿੱਤਾ ਜਾਂਦਾ ਹੈ ਸਗੋਂ ਉਡੀਕਿਆ ਜਾਂਦਾ ਹੈ ਕਿ ਇਸ ਨੂੰ ਪਹਿਲਾਂ ਬੁੱਢਾ ਹੋ ਜਾਣ ਦਿਓ। ਕਈ ਵਾਰ ਉਹ ਲੇਖਕ ਬੁੱਢਾ ਹੋ ਕੇ ਲਿਖਣਾ ਵੀ ਛੱਡ ਚੁੱਕਿਆ ਹੁੰਦਾ ਹੈ। ਫੇਰ ਉਸ ਦੀ ਰਾਖ ਹੋਈ ਧੂਣੀ ਵਿੱਚ ਫੂਕਾਂ ਮਾਰੀਆਂ ਜਾਂਦੀਆਂ ਹਨ, "ਯਾਰ ਤੂੰ ਲਿਖ ਕੁਝ, ਅਸੀਂ ਤਾਂ ਤੈਨੂੰ ਇਨਾਮ ਦੇਣਾ ਸੀ। ਉਸ ਤੋਂ ਫਿਰ ਭੁਰ-ਚੁਰ ਇਕੱਠੀ ਕਰਵਾ ਕੇ ਕਿਤਾਬ ਲਿਖਵਾਈ ਜਾਂਦੀ ਹੈ ਤੇ ਇਨਾਮ ਦੇ ਦਿੱਤਾ ਜਾਂਦਾ ਹੈ। ਇੰਝ ਕਰ ਕੇ ਉਸ ਦੀਆਂ ਬਿਹਤਰੀਨ ਰਚਨਾਵਾਂ ਨੂੰ ਅਸੀਂ ਪਿੱਛੇ ਸੁੱਟ ਦਿੰਦੇ ਹਾਂ। ਮੈਨੂੰ ਨਹੀਂ ਲਗਦਾ ਕਿ ਇੰਝ ਉਹਨਾਂ ਦੇ ਸਾਹਿਤ ਦੀ ਸਹੀ ਕਦਰ ਪਾਈ ਜਾਂਦੀ ਹੈ।

ਸਾਡੇ ਪੰਜਾਬੀ ਇਨਾਮਾਂ ਵੇਲੇ ਰੌਲਾ ਵੀ ਬਹੁਤ ਪਾਉਂਦੇ ਹਨ। ਇਹਨਾਂ ਵਿੱਚ ਉਹ ਵੱਡੀ ਗਿਣਤੀ ਵਿੱਚ ਹੁੰਦੇ ਹਨ ਜਿਹੜੇ ਆਪ ਲਾਈਨ 'ਚ ਲੱਗੇ ਹੁੰਦੇ ਹਨ ਤੇ ਇਨਾਮ ਨੂੰ ਅੱਡੀਆਂ ਚੁੱਕ ਕੇ ਵੀ ਹੱਥ ਨਹੀਂ ਪਾ ਸਕਦੇ ਜਾਂ ਜਿਹਨਾਂ ਨੂੰ ਖੁਦ ਨੂੰ ਭਵਿੱਖ ਵਿੱਚ ਵੀ ਮਿਲਣ ਦੀ ਕੋਈ ਆਸ ਨਹੀਂ ਹੁੰਦੀ।

ਰੌਲਾ ਪਾਉਣ ਦੀ ਥਾਂ ਆਪਾਂ ਨੂੰ ਸੁਝਾਅ ਦੇਣੇ ਚਾਹੀਦੇ ਨੇ ਕਿ ਇਹਨਾਂ ਨੂੰ ਹੋਰ ਬਿਹਤਰ ਕਿਵੇਂ ਬਣਾਇਆ ਜਾ ਸਕਦਾ ਹੈ।

ਪਿੱਛੇ ਜਿਹੇ ਇੱਕ ਇਨਾਮ ਦਿੱਤਾ। ਮੈਂ ਜੱਜ ਰਹਿ ਚੁੱਕੇ ਨੂੰ ਪੁੱਛਿਆ ਤਾਂ ਉਸ ਇਹ ਦਲੀਲ ਦਿੱਤੀ ਕਿ, "ਤਾਂ ਦੇਣਾ ਪਿਆ ਹੋਰ ਕੋਈ ਵਧੀਆ ਕਿਤਾਬ ਨਹੀਂ ਸੀ।ਇਸ ਦਾ ਵੀ ਹੱਲ ਹੈ ਜੇ ਚੰਗੀ ਕਿਤਾਬ ਉਸ ਸਾਲ ਨਹੀਂ ਲੱਭਦੀ ਤਾਂ ਉਸ ਸਾਲ ਨਾ ਦਿਓ ਜਾਂ ਹਰ ਸਾਲ ਦੇਣ ਦੀ ਥਾਂ ਚਾਰ ਸਾਲਾਂ ਬਾਅਦ ਰੱਖਿਆ ਜਾ ਸਕਦਾ ਹੈ। ਜੇ ਪੰਜਾਬੀ ਪਾਠਕ ਪੈਦਾ ਕਰਨਾ ਹੈ ਤਾਂ ਇਹਨਾਂ ਇਨਾਮਾਂ 'ਚ ਪਾਠਕਾਂ ਦੀ (ਸਿਰਫ ਪੜ੍ਹਨ ਵਾਲੇ, ਲਿਖਣ ਵਾਲੇ ਨਹੀਂ) ਰਾਇ ਵੀ ਜਰੂਰ ਸ਼ਾਮਲ ਕਰਨੀ ਚਾਹੀਦੀ ਹੈ। ਜਦੋਂ ਅਸੀਂ ਚੰਗੇ ਸਾਹਿਤ ਦੀ ਕਦਰ ਕਰਨ ਲੱਗ ਪਏ ਫੇਰ ਸਾਡੇ ਸਾਰੇ ਉਲਾਂਭੇ ਵੀ ਦੂਰ ਹੋ ਜਾਣਗੇ ਤੇ ਪੰਜਾਬੀ ਸਾਹਿਤ ਨੂੰ ਪਾਠਕ ਵੀ ਜਰੂਰ ਮਿਲੇਗਾ।

(ਪਰਗਟ ਸਿੰਘ ਸਤੌਜ ਦੀ ਫੇਸਬੁੱਕ ਉਪਰੋਂ ਮਨ ਨੂੰ ਚੰਗੇ ਲੱਗੇ ਵਿਚਾਰ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)

> ਲੇਖਕਾਂ ਨੂੰ ਇਨਾਮਾਂ ਪਿੱਛੇ ਲੇਲੜੀਆਂ ਕੱਢਦਿਆਂ, ਜੁਗਾੜ ਲਾਉਂਦਿਆਂ, ਰੋਂਦਿਆਂ-ਪਿੱਟਦਿਆਂ, ਇੱਕ ਦੂਜੇ ਨੂੰ ਨੀਵਾਂ ਦਿਖਾਉਂਦਿਆਂ ਵੇਖ ਕੇ ਲਗਦਾ ਹੈ ਕਿ ਇਸ ਤੋਂ ਤਾਂ ਗੰਦੇ ਤੋਂ ਗੰਦੇ ਰਾਜਨੀਤਕ ਲੋਕ ਵੀ ਸੌ ਗੁਣਾ ਚੰਗੇ ਨੇ। ਚਲੋ, ਉਹਨਾਂ ਦਾ ਤਾਂ ਕੰਮ ਹੀ ਇਹ ਹੈ ਪਰ ਮੇਰੇ ਪਿਆਰੇ ਲੇਖਕੋ ਤੁਹਾਡਾ ਇਹ ਕੰਮ ਬਿਲਕੁਲ ਨਹੀਂ। ਮੇਰੇ ਭਰਾਓ ਜੇ ਇਹੀ ਜ਼ੋਰ ਤੁਸੀਂ ਪਾਠਕਾਂ ਲਈ ਲਾ ਲਵੋਂ ਤਾਂ ਜੋ ਦੁਆਵਾਂ ਉਹਨਾਂ ਦੇ ਦਿਲੋਂ ਨਿਕਲਣਗੀਆਂ ਉਸ ਤੋਂ ਵੱਡਾ ਇਨਾਮ ਹੋਰ ਕੀ ਹੋ ਸਕਦਾ ਹੈ ?
> ਇਹ ਕਦੀ ਨਾ ਭੁੱਲੋ, ਆਪਾਂ ਇਨਾਮਾਂ ਲਈ ਕਲਮਾਂ ਨਹੀਂ ਚੁੱਕੀਆਂ, ਸਾਡੇ ਸਭ ਤੋਂ ਪਹਿਲੇ ਰੱਬ ਪਾਠਕ ਨੇ।
> ਸਿਰਫ ਇਨਾਮ ਮਿਲਣ @ਤੇ ਤੁਹਾਨੂੰ ਪਾਠਕ ਪ੍ਰਵਾਨ ਨਹੀਂ ਕਰਨਗੇ, ਹਾਂ ਪਾਠਕਾਂ ਦੇ ਪ੍ਰਵਾਨ ਕਰਨ ਤੇ ਇਨਾਮ ਪਿੱਛੇ ਪਿੱਛੇ ਜਰੂਰ ਆ ਜਾਣਗੇ।

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਕਲ ਇੰਜੀਅਰਿੰਗ ਵਿੱਚ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 909 8665 ***187***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮ ਏ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਅਤੇ ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 587 839 4726 ਜਾਂ 403 804 1286***187***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਸੋਹਣੀ ਸੁਨੱਖੀ, ਉਮਰ 25 ਸਾਲ ,ਕੱਦ 5 ਫੁੱਟ 8 ਇੰਚ,ਚੰਗੀ ਪੜੀ ਲਿਖੀ ਮੈਡੀਕਲ ਫੀਲਡ ਵਿੱਚ ਜੌਬ ਕਰਦੀ ਲੜਕੀ ਲਈ, ਕਨੇਡਾ ਤੋਂ ਹੀ ਹਾਣ ਪਰਵਾਣ ਦੀ ਵਿਦਿਅਕ ਯੋਗਤਾ ਵਾਲੇ ਕਨੇਡਾ ਦੇ ਹੀ ਪੜ੍ਹੇ ਅਤੇ ਕਨੇਡਾ ਵਿੱਚ ਹੀ ਕੰਮ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 472 0465 ***187***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਦਿਓਲ ਪਰਿਵਾਰ ਚੰਗੇ ਪੜੇ ਲਿਖੇ ਚੰਗੀ ਕੰਪਨੀ ਵਿੱਚ ਚੰਗੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 11 ਇੰਚ,ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 446 6666 ***187***

## ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌਂ ਲੋੜ ਹੈ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 917 5911 ਜਾਂ 403 702 2524 ***194***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਟਾਂਕ ਕਸ਼ੱਤਰੀ ਪੁਰਬਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਡਿਪਲੋਮਾਂ ਇਨ ਇਲੈਕਟਰੀਕਲ, ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 0865 ***186***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ। ਸੰਪਰਕ: 587 438 4041***186***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਹਿੰਦੂ ਖੱਤਰੀ ਪਰਿਵਾਰ ਦੇ ਚੰਗੇ ਪੜੇ ਲਿਖੇ, ਸੋਹਣੇ ਸੁਨੱਖੇ ਲੜਕੇ ,ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਹਾਣ ਪਰਵਾਣ ਦੀ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 245 6776***186***

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ ਉਮਰ 36 ਸਾਲ,ਕੱਦ 5'10",,ਵਿਜੀਟਰ ਵੀਜਾ ਹੋਲਡਰ ਲਈ ਕਨੇਡੀਅਨ ਪੀ ਆਰ ,ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੀ ਲੋੜ ਹੈ,ਕੋਈ ਜਾਤੀ ਬੰਧਨ ਨਹੀ, ਤਲਾਕਸ਼ੁਦਾ ਵੀ ਵਿਚਾਰ ਯੋਗ, ਸੰਪਰਕ.. 91 8528486866 ਜਾਂ 1 647 879 1272 ***182***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਆਰ ਐਨ ਲੜਕੇ ਲਈ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 968 5620 ***186***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ,ਜਨਮ 1995,ਕੱਦ 5 ਫੁੱਟ 7 ਇੰਚ, ਕੈਲਗਰੀ ਵਿਖੇ ਹੀ ਐਲ ਪੀ ਐਨ ਦੀ ਜੌਬ ਕਰਦੀ ਲੜਕੀ ਲਈ ਹਾਣ ਪ੍ਰਵਾਣ ਦੀ ਵਿਦਿਅਕ ਯੋਗਤਾ ਅਤੇ ਚੰਗੇ ਪਰਿਵਾਰਕ ਪਿਛੋਕੜ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਆਪਣੇ ਬਾਰੇ ਜਾਣਕਾਰੀ ਅਤੇ ਸੱਜਰੀ ਫੋਟੋ ਵਟਸ ਐਪ 91 89684 59226 ਉੱਪਰ ਭੇਜੋ ---Jatt sikh Gill family seeks a suitable match for their daughter, 1995 born, 5'7" PR in Canada. LPN working in Calgary . Looking for well educated and family oriented boy. Send your bio data and recent pictures on WhatsApp at +91 89684 59226 ***186***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਜੱਸਲ ਪਰਿਵਾਰ ਦੇ ਲੜਕੇ, ਉਮਰ 23 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ : ਆਈ ਟੀ ਆਈ ਪਲੰਬਰ ਦਾ ਡਿਪਲੋਮਾ ਅਤੇ ਹੁਣ ਲਵਲੀ ਯੁਨੀਵਰਿਸਟੀ ਵਿੱਚ ਬੀ ਏ ਫਾਈਨਲ ਕਰ ਰਹੇ ਲਈ, ਕਨੇਡੀਅਨ ਪੀਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਪਰਿਵਾਰ ਦਾ ਆਪਣਾ ਲੁਧਿਆਣਾ ਵਿੱਚ ਬਿਜਨਿਸ ਹੈ।ਲੜਕੇ ਦਾ ਭਰਾ ਅਤੇ ਨਾਨਕਾ ਪਰਿਵਾਰ ਕਨੇਡਾ ਨਿਵਾਸੀ ਹਨ। ਸੰਪਰਕ : 91 98 760 90313,1 778 706 9611 ਜਾਂ 416 509 6200 ***186***

## ਲੜਕੀ ਦੀ ਲੋੜ

ਜੱਟ ਸਿੱਖ ਰਹਿਲ ਅੰਮ੍ਰਿਤਧਾਰੀ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ, 32 ਸਾਲ,ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਇੰਡੀਆ ਤੋਂ ਓ ਟੀ ਏ ਡਿਪਲੋਮਾ ਕੀਤਾ ਹੋਇਆ ਹੈ। ਸੰਪਰਕ: 587 716 2321***183***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਹਲੈਤ ਪਰਿਵਾਰ ਦੇ ਤਲਾਕਸ਼ੁਦਾ ਲੜਕੇ ,ਉਮਰ 39, ਕੱਦ 5 ਫੁੱਟ 11 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੀ ਕਨੇਡਾ ਤੋਂ ਹੀ ਹੋਵੇ। ਸੰਪਰਕ: 403 805 6615, 403 923 3440 ਜਾਂ ਫਿਰ ਈ ਮੇਲ ਵੀ ਕਰ ਸਕਦੇ ਹੋ: hallaitsaab@gmail.com ***183***

## ਲੜਕੇ/ਲੜਕੀ ਦੀ ਲੋੜ

ਜੱਟ ਸਿੱਖ ਘੁੰਮਣ ਪਰਿਵਾਰ ਦੀ ਕਨੇਡੀਅਨ ਪੀ ਆਰ ਲੜਕੀ, ਜਨਮ 1991,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਐਮ ਟੈੱਕ,ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਆਈ ਟੀ ਕੰਪਨੀ ਵਿੱਚ ਚੰਗੀ ਜੌਬ ਕਰ ਰਹੀ ਹੈ। ਇਸੇ ਹੀ ਪਰਿਵਾਰ ਦਾ ਲੜਕਾ ਜੋ ਕਿ ਕਨੇਡਾ ਵਿੱਚ ਵਰਕ ਪਰਮਿਟ ਉੱਪਰ ਹੈ ,ਜਨਮ 1989,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਏ ਲਈ ਵੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਅਤੇ ਲੜਕੀ ਦੀ ਭੈਣ ਕਨੇਡਾ ਸੈਟਲ ਹੈ। ਸੰਪਰਕ: 403 993-3186 ***183***

## ਲੜਕੀ ਦੀ ਲੋੜ

Canadian Citizen Jatt Sikh family seeks suitable match for their 29-year-old, 6 ft. tall son. He's Professional Engineer working within reputed international corporation and brought up in Canada. Seeking a Professionally Educated Girl. Contact: +1 403 828 7973 or acheema8811@gmail.com ***183***

## ਲੜਕੀ ਦੀ ਲੋੜ

Jatt Sikh family seek a suitable match for their 5ft. 8inch / 27 years old daughter. She is an Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com***183***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਹੋਤਾ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੀ ਦੀ ਉਮਰ 30 ਸਾਲ ਤੋਂ ਉੱਪਰ ਹੀ ਹੋਵੇ। ਸਟੂਡੈਂਟ, ਵਿਜਟਿਰ,ਵਰਕ ਪਰਮਿਟ ਉਪਰ ਜਾਂ ਬਿਨਾ ਬੱਚਿਆਂ ਦੇ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 373 8091***183***

## ਲੜਕੇ ਦੀ ਲੋੜ

Canadian PR MSc Nursing Ramgarya girl (D.O.B-16/10/1988) ht-5'3, looking for MSc/MTech clean shaven or trim beard Sikh and Vaishnu Ramgarya only boy (Height- 5'6-5'9)Work permit holders can also be considered. +1(639) 318-4864 or +91 9417589810***182***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ-403 640 2000**
**ਐਡਮਿੰਟਨ-780 599 2000 ਸੈਸਕਾਟੂਨ 639 999 1000**
**ਰੀਜਾਇਨਾ- 639 999 1000, ਵਿਨੀਪੈੱਗ- 431 733 3000**

Masihi Life Church
3663 19th STREET CALGARY AB T2E 6S8
FOR PRAYER CALL 403-429-0369
ਯੂਹੰਨਾ 8:12
ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ।
ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ
ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।
Are you searching for a church to attend
Come and join us
(Service in Hindi/Punjabi)
We welcome you all
CHURCH SERVICE EVERY SUNDAY 12PM TO 3PM
facebook




ਮੱਤੀ 11:28
ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**

A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

**Hiring !**

Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

Email : dclogistics4@gmail.com
Phone : 204-396-1696 , 204-891-0031

**Hiring**

**Hair and face art salon is looking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour full time job**
**Interested candidates please send your resume at email: hairandfaceart994@gmail.com**

# BBB: October is Cybersecurity Month

CALGARY (PAB) October is Cybersecurity Awareness Month. An internationally recognized campaign, BBB is participating in Cybersecurity Awareness Month by highlighting the importance of cybersecurity and steps consumers and businesses can take to protect their personal information and devices.

"This is vital information," says Mary O'Sullivan-Andersen, President of BBB Serving Southern Alberta and East Kootenay. "Just last month a Calgarian reported to BBB that he was targeted in an online scam and lost a significant amount of money."

Some simple steps that can be taken:

" Change passwords often using unique passwords for each account

" Use multi-factor authentication when possible

" Avoid phishing scams - don't click on unknown links in emails or texts

"Anyone can be scammed," says Mary O'Sullivan-Andersen. "These scams cost Canadians millions of dollars every year."

She adds," Protect yourself and your devices by learning more about the best practices and stop scammers from doing further harm.

**Tractor Trucks for Lease**

Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
Please Contact:

FRESH FREIGHT



**KulbirShergill Fresh Freight Ltd**
Phone or Text- 403-510-0070
Email: info@freshfreight.ca

## ਸਿਹਤ ਸਬੰਧੀ ਪਾਬੰਦੀਆਂ ਦਾ ਪਾਲਣ ਨਾ ਕਰਨ ਵਾਲਾ ਪੀਜਾ ਸਟੋਰ ਬੰਦ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਸੰਬੰਧੀ ਪਾਬੰਦੀਆਂ ਦਾ ਉਲੰਘਣ ਕਰਨ ਅਤੇ ਬਿਨਾ ਫੂਡ ਹੈਂਡਲਿੰਗ ਪਰਮਿਟ ਹਾਸਲ ਕੀਤਿਆਂ ਪਿਜ਼ਾ ਬਣਾਉਣ ਵਾਲੇ ਇੱਕ ਰੈਸਟੋਰੈਂਟ ਨੂੰ ਬੰਦ ਕਰ ਦਿੱਤਾ ਗਿਆ ਹੈ। ਐਲਬਰਟਾ ਹੈਲਥ ਸਰਵਿਸਿਜ਼ - ਏ.ਐਚ.ਐਸ. ਦਾ ਕਹਿਣਾ ਹੈ ਕਿ ਐਨਵਾਇਰਨਮੈਂਟਲ ਪਬਲਿਕ ਹੈਲਥ ਵੱਲੋਂ 'ਵਿਦਾਉਟ ਪੇਪਰਜ਼ ਪਿਜ਼ਾ' ਦਾ 30 ਸਤੰਬਰ ਵਾਲੇ ਦਿਨ ਫੂਡ ਹੈਨਡਿਲੰਗ ਪਰਮਿਟ ਸਸਪੈਂਡ ਕਰ ਦਿੱਤਾ ਸੀ। ਏ.ਐਚ.ਐਸ. ਕੋਲ 33 ਸ਼ਿਕਾਇਤਾਂ ਪਹੁੰਚੀਆਂ ਸਨ ਕਿ ਬਿਜ਼ਨਸ ਵੱਲੋਂ ਸਿਹਤ ਸੰਬੰਧੀ ਪਾਬੰਦੀਆਂ ਦਾ ਖੁੱਲ੍ਹਮ-ਖੁਲ੍ਹਾ ਉਲੰਘਣ ਕੀਤਾ ਜਾ ਰਿਹਾ ਸੀ। ਇੰਗਲਵੁਡ ਕਮਿਉਨਿਟੀ ਵਿੱਚ ਸਥਿਤ ਇਸ ਅਦਾਰੇ ਦੇ ਦਰਵਾਜ਼ੇ 'ਤੇ ਲਿਖਿਆ ਸੀ ਕਿ ਉਹ ਕੋਵਿਡ-19 ਵੈਕਸਿਨ ਲੱਗੀ ਹੋਣ ਜਾਂ ਨਾ ਲੱਗੀ ਹੋਣ 'ਤੇ ਕਿਸੇ ਗ੍ਰਾਹਕ ਨਾਲ ਭੇਦਭਾਵ ਨਹੀਂ ਕਰਦੇ ਅਤੇ ਉਹ ਸਿਹਤ ਪਾਬੰਦੀਆਂ ਦਾ ਪਾਲਨ ਨਹੀਂ ਕਰਦੇ। ਏ.ਐਚ.ਐਸ. ਦਾ ਕਹਿਣਾ ਹੈ ਕਿ ਜਦ ਤੱਕ 'ਵਿਦਾਉਟ ਪੇਪਰਜ਼ ਪਿਜ਼ਾ' ਵੱਲੋਂ ਲਿਖਤੀ ਰੂਪ ਵਿੱਚ ਸਿਹਤ ਸੰਬੰਧੀ ਪਾਬੰਦੀਆਂ ਪਾਲਨ ਕਰਨ ਦਾ ਵਚਨ ਨਹੀਂ ਦਿੱਤਾ ਜਾਂਦਾ, ਤਦ ਤੱਕ ਅਦਾਰਾ ਕੰਮ ਨਹੀਂ ਕਰ ਸਕੇਗਾ।

## ਕੈਲਗਰੀ ਦੀ ਰਿੰਗ ਰੋਡ ਦਾ ਇੱਕ ਹੋਰ ਹਿੱਸਾ ਚਾਲੂ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਰਿੰਗ ਰੋਡ ਦੇ ਸਾਊਥ ਵੈਸਟ ਹਿੱਸੇ ਨੂੰ ਟ੍ਰੈਫਿਕ ਵਾਸਤੇ ਲੋਕਾਂ ਲਈ ਚਾਲੂ ਕਰ ਦਿੱਤਾ ਗਿਆ ਹੈ। ਇੱਕ ਪ੍ਰੋਗਰਾਮ ਵਿੱਚ ਇਸ ਦਾ ਰਸਮੀ ਐਲਾਨ ਕੀਤਾ ਗਿਆ। ਮਿਉਨਿਸਪਲ ਅਫੇਅਰਜ਼ ਮਨਿਸਟਰ ਰਿਕ ਮੈਕਾਇਵਰ, ਟ੍ਰਾਂਸਪੋਰਟੇਸ਼ਨ ਮਨਿਸਟਰ ਰਾਜਨ ਸਾਹਨੀ ਅਤੇ ਮੇਅਰ ਨਾਹੀਦ ਨੈਂਸ਼ੀ ਨੇ ਇਸ ਮੌਕੇ ਮੀਡੀਆ ਨੂੰ ਸੰਬੋਧਨ ਕੀਤਾ। ਮੂਲ ਨਿਵਾਸੀ ਭਾਈਚਾਰੇ ਵਿੱਚੋਂ ਇੱਕ ਵਿਅਕਤੀ ਸੇਥ ਕਾਰਡਿਨਲ ਡੌਜਿੰਗ-ਹੌਰਸ ਨੇ ਇਸ ਮੌਕੇ ਆ ਕੇ ਆਪਣਾ ਵਿਰੋਧ ਦਰਜ ਕੀਤਾ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੜਕ ਉਪਰੋਂ ਨਾ ਜਾਣ। ਉਸ ਨੇ ਦੱਸਿਆ ਕਿ ਉਸ ਦਾ ਘਰ ਇਹ ਸੜਕ ਬਣਾਉਣ ਲਈ ਉਜਾੜ ਦਿੱਤਾ ਗਿਆ ਤੇ ਉਸ ਨੂੰ ਕੋਈ ਮੁਆਵਜ਼ਾ ਵੀ ਨਹੀਂ ਦਿੱਤਾ ਗਿਆ। ਸੂਬਾ ਸਰਕਾਰ ਵੱਲੋਂ ਪਾਈ ਗਈ ਵੀਡੀਓ ਵਿੱਚ ਉਸ ਵਿਅਕਤੀ ਦੀ ਕਵਰੇਜ ਹਟਾ ਦਿੱਤੀ ਗਈ ਹੈ। ਸਾਊਥ ਵੈਸਟ ਹਿੱਸਾ ਫਿਸ਼ ਕ੍ਰੀਕ ਬੁਲੇਵਰਡ ਨੂੰ ਹਾਇਵੇਅ-22 ਐਕਸ ਨਾਲ ਜੋੜੇਗਾ। ਪਿਛਲੇ ਸਾਲ ਸੂ-ਟੀਨਾ ਟ੍ਰੇਲ ਦੇ 12 ਕਿਲੋਮੀਟਰ ਲੰਬੇ ਹਿੱਸੇ ਨੂੰ ਪਿਛਲੇ ਸਾਲ ਜੋੜਿਆ ਗਿਆ ਸੀ। ਪੂਰੀ ਸੜਕ 2024 ਤੱਕ ਚਾਲੂ ਹੋਵੇਗੀ।

## ਸੈਕਸੂਅਲ ਅਸੌਲਟ ਦੇ ਦੋਸਾਂ ਕਾਰਣ ਅਹੁਦਾ ਵੀ ਜਾਂਦਾ ਰਿਹਾ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਆਪਣੇ ਹੀ ਇੱਕ ਸਾਥੀ ਦੀ ਪਤਨੀ ਉਪਰ ਸੈਕਸੁਅਲ ਅਸੌਲਟ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਕੈਨੇਡੀਅਨ ਆਰਮੀ ਦੇ ਇੱਕ ਅਧਿਕਾਰੀ ਨੂੰ ਕਲੀਨ ਚਿਟ ਦੇਣ ਵਾਲੇ ਮੇਜਰ ਜਨਰਲ ਪੀਟਰ ਡੌਅ ਨੂੰ ਲੋਕ ਵਿਰੋਧ ਅਤੇ ਸੈਕਸੁਅਲ ਅਸੌਲਟ ਦੀਆਂ ਸ਼ਿਕਾਰ ਔਰਤਾਂ ਆਰਮੀ ਔਫਿਸਰਜ਼ ਦੇ ਜ਼ਬਰਦਸਤ ਵਿਰੋਧ ਮਗਰੋਂ ਉਹਨਾਂ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਫੌਜ ਨੇ ਮੇਜਰ ਜਨਰਲ ਨੂੰ ਸੈਕਸੁਅਲ ਮਿਸਕੌਂਡਕਟ ਦੇ ਮਾਮਲੇ ਰਿਵਿਉ ਕਰਨ ਵਾਲੀ ਕਮੇਟੀ ਦੇ ਮੁਖੀ ਵੱਜੋਂ ਜ਼ਿੰਮੇਦਾਰੀ ਦਿੱਤੀ ਸੀ। ਉਹਨਾਂ ਨੂੰ ਹੁਣ ਹਟਾ ਲਿਆ ਗਿਆ ਹੈ।

## Name change

I NARINDER SINGH Son of BHAG SINGH, holder of Indian Passport No.# V2076140, issued at VANCOUVER, on 03/08/2021, Permanent resident Village: Vain Peoin Teh: Khadoor Sahib Distt: Tarantarn , Punjab, India, and presently residing at 158 CASTLEBROOK RISE NE, Calgary (AB) T3J 1P1 Canada, do hereby change my name from NARINDER SINGH to NARINDER SINGH BHATTI with immediate effect.
Cont. 403 966 9748 Date: 5 Oct 2021

**A-CHOICE DRIVING SCHOOL**
Bay# 324, 4774 Westwinds Dr NE
Calgary Alberta T3J 0L9
Tel: 403-473-1682



# ਵੋਟਾਂ ਵੇਲੇ ਉਮੀਦਵਾਰਾਂ ਵੱਲੋਂ ਕੁੰਡਾ ਖੜਕਾਉਣਾ ਬਨਾਮ ਡੋਰ ਨੌਕਿੰਗ ਦਾ ਰਿਵਾਜ਼ ਕੀ ਹੈ



ਜਗਦੇਵ ਸਿੱਧੂ ਕੈਲਗਰੀ
403 351 1136






ਏਧਰ ਵੀ ਦੂਏ-ਤੀਏ ਸਾਲ ਕੋਈ ਨਾ ਕੋਈ ਚੋਣਾਂ ਆਈਆਂ ਰਹਿੰਦੀਆਂ ਹਨ। ਕਦੇ ਫੈਡਰਲ ਜਾਣੀ ਪਾਰਲੀਮੈਂਟ ਦੀਆਂ, ਕਦੇ ਸੂਬਾਈ ਅਸੈਂਬਲੀ ਦੀਆਂ, ਕਦੇ ਸਿਟੀ ਕੌਂਸਲ ਦੀਆਂ ਤੇ ਸਿੱਖਿਆ ਬੋਰਡਾਂ ਦੀਆਂ। ਜਿਉਂ ਹੀ ਚੋਣਾਂ ਦਾ ਬਿਗਲ ਵਜਦਾ ਹੈ, ਵਾਲੰਟੀਅਰਾਂ ਦੀਆਂ ਟੋਲੀਆਂ ਆਪੋ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਪਰਚਾਰ ਕਰਨ ਹਿਤ ਕਮਰਕੱਸੇ ਕਰ ਕੇ ਜੁਟ ਜਾਂਦੀਆਂ ਹਨ। ਆਮ ਤੌਰ ਤੇ ਅਜਿਹਾ ਘਰ ਘਰ ਜਾ ਕੇ ਕੀਤਾ ਜਾਂਦਾ ਹੈ ਜਿਸ ਨੂੰ ਡੋਰ ਨੌਕਿੰਗ ਕਿਹਾ ਜਾਂਦਾ ਹੈ। ਕੁਛ ਹੈਰਾਨੀ ਵੀ ਹੁੰਦੀ ਹੈ ਕਿ ਡੋਰ ਨੌਕਿੰਗ ਤਾਂ ਦਰਵਾਜ਼ੇ ਤੇ ਪੁੱਠੀ ਉਂਗਲੀ ਮਾਰ ਕੇ ਖੜਕਾ ਕਰਨ ਨੂੰ ਕਿਹਾ ਜਾਂਦਾ ਹੈ ਪਰ ਅਸਲ ਵਿਚ ਅਜਿਹਾ ਨਹੀਂ ਹੁੰਦਾ। ਜਾਂ ਫਿਰ ਕੁੰਡਾ ਖੜਕਾਉਣਾ ਕਹਿ ਸਕਦੇ ਹਾਂ ਪਰ ਅਜਿਹਾ ਵੀ ਨਹੀਂ ਹੁੰਦਾ, ਕਿਉਂਕਿ ਕੁੰਡੇ ਤਾਂ ਏਧਰ ਮੁੱਦਤਾਂ ਤੋਂ ਅਲੋਪ ਹੋ ਚੁੱਕੇ ਹਨ। ਹੁਣ ਤਾਂ ਡੋਰ-ਬੈੱਲ ਤੋਂ ਕੰਮ ਲਿਆ ਜਾਂਦਾ ਹੈ ਜਿਸ ਨੂੰ ਘੰਟੀ ਖੜਕਾਉਣਾ ਜਾਂ ਵਜਾਉਣਾ ਜਾਂ ਘੰਟੀ ਮਾਰਨਾ ਕਹਿ ਸਕਦੇ ਹਾਂ।

ਖ਼ੈਰ ਕੁੰਡੇ ਖੜਕਾਉਣ ਦੀ ਗੱਲ ਕਰੀਏ ਤਾਂ ਅਜੇ ਵੀ ਪੰਜਾਬ ਦੇ ਪਿੰਡਾਂ ਦੇ ਕਈ ਘਰਾਂ ਵਿਚ ਪੁਰਾਣੇ ਦਰਵਾਜ਼ੇ ਹਨ ਜਿੰਨ੍ਹਾਂ ਤੇ ਕੁੰਡੇ ਲੱਗੇ ਹੋਏ ਹਨ। ਵੱਡਾ ਡਾਟ ਵਾਲਾ ਉੱਚਾ ਤੇ ਖੁਲ੍ਹਾ ਦਰਵਾਜ਼ਾ, ਉਸ ਵਿਚ ਲੱਕੜੀ ਦੇ ਮੋਟੇ ਫੱਟਾਂ ਵਾਲੇ ਤਖਤੇ, ਜਿੰਨ੍ਹਾਂ ਦੀ ਚੂਲ ਟੋਟੂਏ ਉੱਤੇ ਟਿਕਾਈ ਹੁੰਦੀ ਹੈ। ਇਨ੍ਹਾਂ ਤਖਤਿਆਂ ਉਪਰ ਸੰਗਲੀ ਦੀਆਂ ਅੜੀਆਂ ( ਲਿੰਕ ) ਵਰਗੇ ਕੁੰਡੇ ਲਮਕਦੇ ਹਨ। ਜਦੋਂ ਕਿਸੇ ਨੂੰ ਘਰੋਂ ਬੁਲਾਉਣਾ ਹੋਵੇ ਤਾਂ ਇਹ ਕੁੰਡਾ ਤਖਤੇ ਨਾਲ ਖੜਕਾ ਲਿਆ ਜਾਂਦਾ ਹੈ। ਸਮਾਂ ਪਾ ਕੇ ਦਰਵਾਜ਼ੇ ਭੀੜੇ ਤੇ ਨੀਵੇਂ ਹੋ ਗਏ ਤਾਂ ਤਖਤੇ ਵੀ ਛੋਟੇ ਤੇ ਪਤਲੇ ਫੱਟਿਆਂ ਦੇ ਬਣ ਗਏ। ਇਹ ਸ਼ਹਿਰਾਂ ਵਿਚ ਆਮ ਹੋਇਆ। ਪਹਿਲਾਂ ਜਦੋਂ ਡੋਰ-ਬੈੱਲ ( ਘੰਟੀਆਂ ) ਦਾ ਰਿਵਾਜ ਨਹੀਂ ਸੀ ਪਿਆ, ਇਨ੍ਹਾਂ ਦਰਵਾਜ਼ਿਆਂ ਤੇ ਹੱਥ ਦੀ ਪੁੱਠੀ ਉਂਗਲ ਦੋ-ਤਿੰਨ ਵਾਰੀ ਮਾਰ ਕੇ ਖੜਕਾ ਕੀਤਾ ਜਾਂਦਾ ਸੀ, ਜਾਂ ਕਹਿ ਲਓ ਡੋਰ-ਨੌਕਿੰਗ ਕੀਤੀ ਜਾਂਦੀ ਸੀ। ਜਿਉਂ- ਜਿਉਂ ਸਮਾ ਬਦਲਿਆ, ਘਰਾਂ ਦੇ ਬਾਹਰ ਬਿਜਲੀ ਦੇ ਸਵਿੱਚ ਲੱਗ ਗਏ ਅਤੇ ਅੰਦਰ ਘੰਟੀਆਂ ਜਾਣੀ ਬੈੱਲ। ਇਹ ਸਵਿੱਚ ਨੌਕ ਨਹੀਂ ਕੀਤੀ ਜਾਂਦੀ ਸਗੋਂ ਦੱਬਣੀ ਪੈਂਦੀ ਹੈ। ਇਹ ਘੰਟੀਆਂ ਕਈ ਤਰ੍ਹਾਂ ਦੀਆਂ ਆਵਾਜ਼ਾਂ ਵਾਲੀਆਂ ਤੇ ਇਹ ਸਵਿੱਚਾਂ (ਬਟਨ ) ਵੀ ਕਈ ਡੀਜ਼ਾਈਨਾਂ ਵਿਚ ਆ ਗਈਆਂ ਹਨ। ਹੁਣ ਤਾਂ ਸਵਿੱਚ ਦੇ ਨਾਲ ਮਾਈਕ ਵੀ ਫਿੱਟ ਹੁੰਦਾ ਹੈ, ਕੈਮਰਾ ਵੀ, ਰੀਕਾਰਡਰ ਵੀ, ਤੇ ਹੋਰ ਅਜੇ ਪਤਾ ਨਹੀਂ ਕੀ ਕੁਛ ਆਉਣ ਵਾਲਾ ਹੈ।

ਗੱਲ ਕਰਦੇ ਸਾਂ ਕੁੰਡਾ ਖੜਕਾਉਣ ਦੀ ਜਾਂਡੋਰ-ਨੌਕਿੰਗ ਦੀ, ਚਲੋ ਸਵਿੱਚ ਨੱਪਣ ਨੂੰ ਹੀ ਡੋਰ-ਨੌਕਿੰਗ ਮੰਨ ਲੈਂਦੇ ਹਾਂ, ਕਿਉਂਕਿ ਇਹ ਸ਼ਬਦ ਤਾਂ ਸਭ ਕੁਛ ਬਦਲਣ ਦੇ ਬਾਵਜੂਦ ਅੱਜ ਵੀ ਜਿਉਂ ਦਾ ਤਿਉਂ ਵਰਤਿਆ ਜਾਂਦਾ ਹੈ। ਵੈਸੇ ਡੋਰ-ਨੌਕਿੰਗ ਵੀ ਇੱਕ ਕਲਾ ਹੈ, ਵੱਖਰਾ ਦੱਸਣਯੋਗ ਤਜਰਬਾ ਹੈ। ਉਮੀਦਵਾਰ ਆਪ ਵੀ ਡੋਰ-ਨੌਕਿੰਗ ਕਰਦਾ ਹੈ ਤੇ ਉਸ ਦੇ ਹਿਮਾਇਤੀ ਟੋਲੇ ਵੀ ਕਰਦੇ ਹਨ। ਤਸਵੀਰ ਵਿਚ ਲੰਡਨ ਦਾ ਮੇਅਰ, ਜਨਾਬ ਸਾਦਿਕ ਖ਼ਾਨ ਡੋਰ-ਨੌਕਿੰਗ ਕਰਦਾ ਫਿਰਦਾ ਵਿਖਾਈ ਦੇ ਰਿਹਾ ਹੈ।ਡੋਰ-ਨੌਕਿੰਗ ਕਰਨ ਵਾਲਾ ਕੋਈ ਵੀ ਹੋਵੇ, ਆਪਾਂ ਉਸ ਨੂੰ ਕਾਰਕੁਨ ਕਹਿ ਲੈਂਦੇ ਹਾਂ। ਕਾਰਕੁਨ ਦੇ ਕੋਲ ਜਾਣਕਾਰੀ ਲਿਖਣ ਵਾਸਤੇ ਤਖਤੀ ਉਪਰ ਕਾਗਜ਼ ਹੁੰਦੇ ਹਨ, ਪੈੱਨ ਹੁੰਦਾ ਹੈ, ਫਲਾਇਰ ਹੁੰਦੇ ਹਨ, ਜਿਸ ਨੂੰ ਅਸੀਂ ਪਰਚੇ ਕਹਾਂਗੇ। ਇਹ ਪਰਚੇ ਦੋ ਤਰ੍ਹਾਂ ਦੇ ਵੀ ਹੋ ਸਕਦੇ ਹਨ-- ਇੱਕ ਤਾਂ ਚਪਟਾ, ਘਰ ਵਾਲਿਆਂ ਦੇ ਸਪੁਰਦ ਕਰਨ ਵਾਲਾ, ਤੇ ਦੂਜਾ ਬੰਦ ਦਰਵਾਜ਼ੇ ਦੇ ਬਾਹਰਲੇ ਹੱਥੇ ( ਹੈਂਡਲ, ਨੌਬ ) ਤੇ ਟੰਗਣ ਵਾਲਾ ਜੇ ਕੋਈ ਘਰ ਨਾ ਮਿਲੇ ਤਾਂ। ਇਨ੍ਹਾਂ ਪਰਚਿਆਂ ਉਪਰ ਉਮੀਦਵਾਰ ਵੱਲੋਂ ਆਪਣੇ ਬਾਰੇ ਅਤੇ ਆਪਣੇ ਏਜੰਡੇ ਬਾਰੇ ਲੁਭਾਵਣੇ ਸ਼ਬਦਾਂ ਦੀ ਇਬਾਰਤ ਹੁੰਦੀ ਹੈ, ਉਸ ਦਾ ਫੋਨ ਨੰਬਰ ਵੀ ਹੋ ਸਕਦਾ ਹੈ, ਈ-ਮੇਲ ਜਾਂ ਵੈੱਬ-ਸਾਈਟ ਦਾ ਅਤਾ-ਪਤਾ ਵੀ ਹੋ ਸਕਦਾ ਹੈ। ਇੱਕ ਖਾਸ ਪੋਜ਼ ਵਾਲੀ ਫ਼ੋਟੋ ਵੀ ਹੁੰਦੀ ਹੈ।

ਇਸ ਕਾਰਕੁਨ ਨੂੰ ਕਿਸੇ ਘਰ ਅੱਗੇ ਪਹੁਚਣ ਵੇਲੇ ਵੇਖਣਾ ਪੈਂਦਾ ਹੈ ਕਿ ਉਸ ਦਾ ਮੂਹਰਲਾ ਪਾਸਾ ( ਫਰੰਟ ਲਾਅਨ ) ਕਿਵੇਂ ਸਾਂਭਿਆ ਹੋਇਆ ਹੈ, ਪੌੜੀਆਂ ਕਿਵੇਂ ਸੁੰਭਰੀਆਂ ਸੰਵਾਰੀਆਂ ਹਨ, ਮੂਹਰਲੇ ਡੈੱਕ ਦੀ ਦਿੱਖ ਕਿਹੋ ਜਿਹੀ ਹੈ, ਇੱਥੇ ਕੀ ਕੁਛ ਖਿਲਰਿਆ ਪਿਆ ਹੈ ਜਾਂ ਸਲੀਕੇ ਨਾਲ ਰੱਖਿਆ ਹੋਇਆ ਹੈ। ਇਸ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਘਰ ਅੰਦਰਲੇ ਨਿਵਾਸੀ ਕਿਸ ਤਰ੍ਹਾਂ ਦੇ ਹੋਣਗੇ ਤੇ ਉਨ੍ਹਾਂ ਨਾਲ ਕਿਵੇਂ ਪੇਸ਼ ਆਉਣਾ ਹੈ।ਪਹਿਲਾਂ ਪੌੜੀਆਂ ਚੜ੍ਹੋ, ਦਸਤਕ ਦਿਓ ਜਾਂ ਬੈੱਲ ਮਾਰੋ, ਫੇਰ ਪੌੜੀਆਂ ਉਤਰ ਕੇ ਹੇਠਾਂ




ਇੰਤਜ਼ਾਰ ਕਰੋ, ਦਰਵਾਜ਼ਾ ਖੁੱਲ੍ਹਣ ਤੇ ਫੇਰ ਪੌੜੀਆਂ ਚੜ੍ਹੋ ਤੇ ਗੱਲ ਬਾਤ ਕਰ ਕੇ ਹੇਠਾਂ ਆਓ। ਜੇ ਦਰਵਾਜ਼ਾ ਨਹੀਂ ਖੁਲ੍ਹਦਾ, ਤਾਂ ਥੋੜੀ ਦੇਰ ਉਡੀਕ ਕਰੋ, ਫੇਰ ਪੌੜੀਆਂ ਚੜ੍ਹੋ, ਪਰਚਾ ਹੈਂਡਲ ਤੇ ਟੰਗੋ ਤੇ ਥੱਲੇ ਆ ਜਾਓ। ਇੱਕ ਘਰ ਤੋਂ ਅਗਲੇ ਘਰ ਇਹੋ ਚੜ੍ਹ-ਉੱਤਰ ਦਾ ਕਾਟੋ-ਕ੍ਰਮ ਕਰਨਾ ਹੁੰਦਾ ਹੈ। ਜਦੋਂ ਦਰਵਾਜ਼ਾ ਖੁਲ੍ਹਦਾ ਹੈ ਤਾਂ ਸਾਹਮਣੇ ਆਉਣ ਵਾਲੇ \ ਵਾਲੀ ਨੂੰ ਵੇਖਣ ਸਾਰ ਅੰਦਾਜ਼ਾ ਲਾਉਣਾ ਪੈਂਦਾ ਹੈ ਕਿ ਨਮਸਤੇ, ਸਤਿ ਸ਼੍ਰੀ ਅਕਾਲ, ਸਲਾਮ-ਅਲੇਕਮ ਜਾਂ ਹਾਇ ਵਗੈਰਾ ਕਹਿ ਕੇ ਸੰਬੋਧਨ ਕਰਨਾ ਹੈ। ਇਹ ਵੀ ਤੁਰੰਤ ਭਾਂਪਣ ਦੀ ਕੋਸ਼ਿਸ਼ ਕਰਨੀ ਪੈਂਦੀ ਹੈ ਕਿ ਉਸ ਨਾਲ ਗੱਲ ਕਿਹੜੀ ਭਾਸ਼ਾ ਵਿਚ ਕਰਨੀ ਹੈ। ਕੁਛ ਗੱਲਾਂ ਦਾ ਅੰਦਾਜ਼ਾ ਦਿਖ ਤੋਂ, ਸ਼ਕਲ-ਸੂਰਤ ਤੋਂ, ਕੁਛ ਦਾ ਪਹਿਰਾਵੇ ਤੋਂ ਤੇ ਕੁਛ ਦਾ ਰੰਗ-ਨਕਸ਼ ਤੋਂ ਹੋ ਜਾਂਦਾ ਹੈ। ਕਈ ਵਾਰ ਤਾਂ ਸਭ ਅੰਦਾਜ਼ੇ ਰਲ-ਗੱਡ ਹੋ ਜਾਂਦੇ ਹਨ ਤੇ ਨਿਰਣਾ ਕਰਨਾ ਮੁਸ਼ਕਲ ਹੋ ਜਾਂਦਾ ਹੈ, ਉਸ ਸਮੇਂ ਪੁੱਛਣਾ ਪੈਂਦਾ ਹੈ - ਕੈਨ ਆਈ ਸਪੀਕ ਇੰਗਲਿਸ਼, ਹਿੰਦੀ, ਪੰਜਾਬੀ ਔਰ ਉਰਦੂ, ਪਲੀਜ਼, ਕਿਉਂਕਿ ਏਨੀ ਕੁ ਅੰਗ੍ਰੇਜ਼ੀ ਤਾਂ ਤਕਰੀਬਨ ਸਾਰੇ ਹੀ ਸਮਝਦੇ ਹਨ। ਸਾਹਮਣੇ ਵਾਲੇ \ ਵਾਲੀ ਅੱਗੇ ਪੇਸ਼ ਹੋਣ ਸਮੇਂ ਬੜਾ ਨਿਮਾਣਾ, ਮਿੱਠ-ਬੋਲਾ, ਹਸਮੁੱਖ ਜਿਹਾ ਬਨਣਾ ਪੈਂਦਾ ਹੈ। ਗੱਲੀਂ-ਗੱਲੀਂ ਅਪਣੱਤ ਜਿਹੀ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕੋਸ਼ਿਸ਼ ਹੁੰਦੀ ਹੈ ਕਿ ਸਾਹਮਣੇ ਵਾਲੇ \ ਵਾਲੀ ਦੇ ਚਿਹਰੇ ਤੇ▼ਜੀ-ਆਇਆਂ ਨੂੰ ਕਹਿਣ ਵਰਗੇ ਆਸਾਰ ਆ ਜਾਣ। ਜੇ ਕੁੱਤਾ ਵੀ ਬਾਹਰ ਆ ਜੇ, ਲਾਡੀਆਂ ਕਰਨ ਲੱਗ ਜਾਵੇ ਤਾਂ ਉਸ ਨੂੰ ਪਲੂਸਣਾ ਜ਼ਰੂਰੀ ਹੈ, ਉਂਞ ਭਾਵੇਂ ਕਦੇ ਕੁੱਤੇ ਦੇ ਨੇੜੇ ਨਾ ਗਏ ਹੋਈਏ। ਫੇਰ ਅਸਲੀ ਗੱਲ ਤੇ ਆਈਦਾ ਹੈ ਜਸ ਦਾ ਘਰ ਵਾਲਿਆਂ ਨੂੰ ਅੰਦਾਜ਼ਾ ਹੋ ਚੁੱਕਾ ਹੁੰਦਾ ਹੈ। ਦੱਸਣਾ ਪੈਂਦਾ ਹੈ ਕਿ ਫਲਾਣੀਆਂ ਚੋਣਾਂ ਹੋ ਰਹੀਆਂ ਹਨ, ਫਲਾਣੇ ਦਿਨ ਵੋਟਾਂ ਪੈਣੀਆਂ ਹਨ। ਇਹ ਧਿਮਕਾ ਉਮੀਦਵਾਰ ਹੈ। ਉਸ ਉਮੀਦਵਾਰ ਬਾਰੇ ਸੰਖੇਪ ਪਰ ਅਸਰਪਾਊ ਜਾਣਕਾਰੀ ਇਸ ਤਰ੍ਹਾਂ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸੁਨਣ ਵਾਲੇ \ ਵਾਲੀ ਦਾ ਮਨ ਪ੍ਰਭਾਵਿਤ ਕੀਤਾ ਜਾ ਸਕੇ। ਉਸ ਨੂੰ ਪਰਚਾ ਫੜਾ ਕੇ ਗ਼ੌਰ ਨਾਲ ਪੜ੍ਹਨ ਦੀ ਬੇਨਤੀ ਕੀਤੀ ਜਾਂਦੀ ਹੈ। ਜੇ ਕੋਈ ਸੁਆਲ ਹੋਣ ਤਾਂ ਉਨ੍ਹਾਂ ਦਾ ਜਵਾਬ ਦੇਣ ਲਈ ਹਰਫ਼ਨ-ਮੌਲਾ ਬਣ ਜਾਣਾ ਸਮੇਂ ਦੀ ਨਜ਼ਾਕਤ ਹੁੰਦੀ ਹੈ। ਤਸੱਲੀ ਕਰਵਾਉਣ ਦੀ ਇਉਂ ਕੋਸ਼ਿਸ਼ ਕੀਤੀ ਜਾਂਦੀ ਹੈ ਜਿਵੇਂ ਕੋਈ ਮੰਗਤਾ ਦਾਤੇ ਨੂੰ ਖ਼ੈਰ ਪਾਉਣ ਤੇ ਮਜਬੂਰ ਕਰ ਲੈਂਦਾ ਹੋਵੇ। ਜੇ ਅੱਗੋਂ ਕੌੜੇ ਜਾਂ ਖਰ੍ਹਵੇ ਬੋਲ ਸੁਨਣ ਨੂੰ ਮਿਲ ਜਾਣ ਤਾਂ ਖੰਡ ਵਰਗੇ ਸਮਝ ਕੇ ਸੁੱਕਾ ਸ਼ੁਕਰੀਆ ਕਰਨਾ ਸਿਆਣਪ ਦੀ ਨਿਸ਼ਾਨੀ ਹੈ-- ਆਈ ਐਪ੍ਰੀਸ਼ੀਏਟ, ਥੈਂਕਸ ਫਾਰ ਪਲੇਨ ਸਪੀਕਿੰਗ।

ਇੱਕ ਬਹੁਤ ਵੱਡਾ ਫ਼ਾਇਦਾ ਕਾਰਕੁਨ ਨੂੰ ਇਹ ਮਿਲਦਾ ਹੈ ਕਿ ਜਿੰਨ੍ਹਾਂ ਕੌਮੀਅਤਾਂ ਦੇ ਲੋਕਾਂ ਨੂੰ ਕਦੇ ਬੁਲਾਇਆ ਤੱਕ ਨਹੀਂ ਹੁੰਦਾ, ਜਿੰਨ੍ਹਾਂ ਨਾਲ ਕਦੇ ਵਾਹ-ਵਾਸਤਾ ਨਹੀਂ ਪਿਆ ਹੁੰਦਾ, ਜਿੰਨ੍ਹਾਂ ਦੀ ਬੋਲੀ ਤੇ ਸੁਭਾਅ ਬਾਰੇ ਕੱਖ ਪਤਾ ਨਹੀਂ ਹੁੰਦਾ, ਉਨ੍ਹਾਂ ਸਾਰਿਆਂ ਨਾਲ ਸਿੱਧਾ ਮੱਥਾ ਲਗਦਾ ਹੈ। ਭਾਂਤ-ਭਾਂਤ ਦੀਆਂ ਕੌਮੀਅਤਾਂ ਦੇ ਵੰਨ-ਸੁਵੰਨੇ ਵਾਸੀਆਂ ਨਾਲ ਗੱਲ ਬਾਤ ਕਰਨ ਦਾ ਜਾਂ ਇਉਂ ਕਹਿ ਲਓ ਆਰਜ਼ੀ ਰਾਬਤਾ ਕਾਇਮ ਕਰਨ ਦਾ ਸੁਨਹਿਰੀ ਮੌਕਾ ਮਿਲਦਾ ਹੈ। ਕਾਰਕੁਨ ਉਨ੍ਹਾਂ ਨੂੰ ਉਨ੍ਹਾਂ ਦੇ ਹੀ ਘਰ ਮੂਹਰੇ ਖੜ੍ਹ ਕੇ ਉਨ੍ਹਾਂ ਨਾਲ ਵਾਰਤਾਲਾਪ ਕਰਦਾ ਹੈ। ਗੱਲਾਂ-ਗੱਲਾਂ ਵਿਚ ਉਨ੍ਹਾਂ ਬਾਰੇ ਥੋੜਾ ਬਹੁਤ ਜਾਨਣ ਦੀ ਮੱਥਾ-ਪੱਚੀ ਕਰਦਾ ਹੈ। ਕੁਛ ਆਪਣੇ ਬਾਰੇ, ਆਪਣੇ ਸਭਿਆਚਾਰ ਬਾਰੇ ਇਸ ਤਰ੍ਹਾਂ ਦੱਸਣ ਦਾ ਜਤਨ ਕਰਦਾ ਹੈ ਜਿਸ ਨਾਲ ਸਾਂਝ ਬਣਦੀ ਹੋਵੇ ਤੇ ਅਪਣੱਤ ਪਨਪਦੀ ਹੋਵੇ। ਅੱਗੋਂ ਜੋ ਵੀ ਕਹਿਣ, ਉਸ ਦੀ ਪ੍ਰਸ਼ੰਸਾ ਕਰਨੀ ਹੀ ਠੀਕ ਰਹਿੰਦੀ ਹੈ। ਵਧੀਆ ਲਗਦਾ ਹੈ ਜਦੋਂ ਇਨ੍ਹਾਂ ਮੁਲਾਕਾਤਾਂ ਦੌਰਾਨ ਕਿਸੇ ਦੇ ਮੱਥੇ ਤਿਉੜੀ ਨਾ ਪਈ ਹੋਵੇ। ਮੁਸਕਾਨਾਂ ਵੰਡਣ ਤੋਂ ਵਧ ਕੇ ਖਿੜ-ਖਿੜਾ ਕੇ ਹੱਸਣਾ ਕਿਤੇ ਕਿਤੇ ਮਨ ਨੂੰ ਤਾਜ਼ਗੀ ਬਖ਼ਸ਼ਦਾ ਹੈ।

ਆਮ ਤਜਰਬਾ ਦਸਦਾ ਹੈ ਅਫ਼ਰੀਕਨ ਮੂਲ ਦੇ ਨਿਵਾਸੀ ਬੜੇ ਸਲੀਕੇ ਵਾਲੇ, ਸਾਦੇ, ਨਿਮਰ, ਸਭਿਅ ਤੇ ਮਿਲਣਸਾਰ ਹੁੰਦੇ ਹਨ। ਉਹ ਕਾਰਕੁਨ ਨੂੰ ਸੁਣਦੇ ਹਨ, ਜਵਾਬ ਦਿੰਦੇ ਹਨ, ਮੱਥੇ ਵੱਟ ਨਹੀਂ ਪਾਉਂਦੇ ਤੇ ਮੰਗੀ ਹੋਈ ਜਾਣਕਾਰੀ ਦੇ ਦਿੰਦੇ ਹਨ। ਨਿਰਾਸ਼ ਨਹੀਂ ਕਰਦੇ। ਕੁਦਰਤੀ ਹੈ ਕਿ ਜਿੰਨ੍ਹਾਂ ਲੋਕਾਂ ਬਾਰੇ ਤੁਸੀਂ ਕੁਛ ਨਹੀਂ ਜਾਣਦੇ, ਉਨ੍ਹਾਂ ਨਾਲ ਦੋ ਚਾਰ ਗੱਲਾਂ ਕਰ ਕੇ, ਅੱਖਾਂ ਵਿਚ ਅੱਖਾਂ ਪਾ ਕੇ , ਮੁਸਕਰਾ ਕੇ, ਹੱਸ ਕੇ ਦੋ ਪਲ ਗੁਜ਼ਾਰਦੇ ਹੋ ਤਾਂ ਉਨ੍ਹਾਂ ਪ੍ਰਤੀ ਸਤਿਕਾਰ ਉਮੜ ਹੀ ਆਉਂਦਾ ਹੈ। ਕਿੰਨਾ ਚੰਗਾ ਹੋਵੇ ਜੇ ਸਾਡੇ ਲੋਕ ਇਨ੍ਹਾਂ ਨਾਲ ਮੇਲ-ਜੋਲ ਵਧਾ ਕੇ ਸਾਂਝ ਪਾਉਣ। ਇੱਕ ਵੱਖਰੀ ਕਿਸਮ ਦਾ ਤਜਰਬਾ ਉਦੋਂ ਹੁੰਦਾ ਹੈ ਜਦੋਂ ਸਾਡੇ ਲਹਿੰਦੇ ਪੰਜਾਬ ਦੇ ਪਰ ਪੁਰਾਣੇ ਹਮ-ਵਤਨੀ, ਏਨੀ ਵਧੀਆ ਪੰਜਾਬੀ ਬੋਲਦੇ ਖੁਸ਼ ਹੋ ਕੇ ਮਿਲਦੇ ਹਨ। ਮਿੱਠੀ ਬੋਲੀ ਤੋਂ ਇਲਾਵਾ ਉਨ੍ਹਾਂ ਦਾ ਹਾਬੜਿਆਂ ਵਾਂਗ ਡੁਲ੍ਹਦਾ ਪਿਆਰ ਤੇ ਮੁਹੱਬਤ ਕੀਲ ਲੈਂਦੇ ਹਨ। ਉਸ ਵੇਲੇ ਇਹ ਕਹਿ ਕੇ ਗਲੇ ਮਿਲਣ ਨੂੰ ਜੀਅ ਕਰਦਾ ਹੈ--ਆ ਭਰਾਵਾ, ਅੱਲਾ ਨੇ ਖ਼ੈਰ ਕੀਤੀ, ਆਪਾਂ ਨੂੰ ਮਿਲਾ ਦਿੱਤਾ, ਸ਼ੁਕਰ ਹੈ ਏਧਰ ਕੋਈ ਵਾਹਘੇ ਵਰਗਾ ਬਾਰਡਰ ਨਹੀਂ। ਕੋਈ ਦਾਨਿਸ਼ਵਰ ਐਸਾ ਵੀ ਮਿਲ ਜਾਂਦਾ ਹੈ ਜੋ ਸਭਨਾਂ ਵਿਚ ਇੱਕੋ ਰੱਬ ਨੂੰ ਵੇਖਦਾ ਹੈ, ਬਾਬੇ ਨਾਨਕ ਦੀ ਗੱਲ ਕਰਦਾ ਹੈ, ਸਭ ਲਈ ਖੁਸ਼ੀਆਂ ਦੀ ਦੁਆ ਮੰਗਦਾ ਹੈ। ਉਦੋਂ ਸੋਚੀਦਾ ਹੈ ਕਿ ਪਤਾ ਨਹੀਂ ਕਿਉਂ ਅਸੀਂ ਇੱਥੇ ਸਾਂਝੀਆਂ ਸਾਹਿਤ ਜਾਂ ਸਭਿਆਚਾਰ ਸਭਾਵਾਂ ਨਹੀਂ ਬਣਾਉਂਦੇ। ਇਹ ਹੋ ਜਾਵੇ ਤਾਂ ਤਿੰਨ ਕਰੋੜ ਨਹੀਂ ਬਲ ਕਿ ਤੇਰਾਂ ਕਰੋੜ ਤੋਂ ਵੱਧ ਪੰਜਾਬੀ ਬੋਲਣ ਵਾਲੇ ਹਾਂ। ਜੋ ਮੱਧ-ਏਸ਼ੀਆਈ ਜਾਂ ਅਰਬ ਮੁਲਕਾਂ ਦੇ ਲੋਕ ਹਨ, ਉਨ੍ਹਾਂ ਨਾਲ ਥੋੜਾ ਬਹੁਤ ਹਿੰਦੀ-ਉਰਦੂ ਦਾ ਮਿਲ-ਗੋਭਾ ਜਾਂ ਟੁੱਟੀ-ਫੁੱਟੀ ਅੰਗ੍ਰੇਜ਼ੀ ਬੋਲ ਕੇ ਬੁੱਤਾ ਸਾਰ ਲਈਦਾ ਹੈ। ਉਹ ਵੀ ਨਿਰਾਸ਼ ਨਹੀਂ ਕਰਦੇ।

ਅਣਸਰਦੇ ਨੂੰ ਅੰਗ੍ਰੇਜ਼ੀ ਨੂੰ ਵੀ ਮੂੰਹ ਮਾਰਨਾ ਪੈਂਦਾ ਹੈ। ਜਿਨ੍ਹਾਂ ਦੀ ਆਪਣੀ ਬੋਲੀ ਪਿਛੋਕੜ ਦੇ ਮੁਤਾਬਕ ਵਿਲੱਖਣ ਹੈ, ਉਨ੍ਹਾਂ ਨਾਲ ਅੰਗ੍ਰੇਜ਼ੀ ਰਾਬਤਾ ਬਣਾ ਦਿੰਦੀ ਹੈ। ਇੱਕ ਦੋ ਏਸ਼ੀਆਈ-ਪੈਸਿਫਿਕ ਮੁਲਕਾਂ ਦੇ ਵਾਸੀ ਕੋਵਿਡ ਨੇ ਏਨੇ ਡਰਾਏ ਹੋਏ ਹਨ ਕਿ ਉਹ ਵਿਚਾਰੇ ਦਰਵਾਜ਼ਾ ਤਾਂ ਖੋਲ੍ਹਦੇ ਹਨ ਪਰ ਏਨਾ ਕੁ ਜਿਸ ਵਿਚ ਦੀ ਹਵਾ ਜਾਂ ਆਵਾਜ਼ ਮਸਾਂ ਸਰਕ ਸਕੇ। ਮਹਾਂਮਾਰੀ ਦੀ ਅਖਾਉਤੀ ਚੌਥੀ ਵੇਵ ਨੇ ਸਾਡੀ ਸਾਰਿਆਂ ਦੀ ਮੱਤ ਮਾਰ ਰੱਖੀ ਹੈ। ਸੋ ਪ੍ਰਹੇਜ਼ ਵਿਚ ਹੀ ਬਚਾਅ ਹੈ। ਫੇਰ ਵੀ ਉਹ ਗੱਲ ਸੁਣਦੇ ਹਨ, ਅੱਧ-ਪਚੱਧ ਜਾਣਕਾਰੀ ਦੇ ਦਿੰਦੇ ਹਨ, ਪਰਚਾ ਲੈ ਲੈਂਦੇ ਹਨ।

ਚੜ੍ਹਦੇ ਪੰਜਾਬ ਨਾਲ ਤਾਂ ਪਿੰਡਾਂ ਤੱਕ, ਜਾਣ-ਪਛਾਣ ਕੱਢਣ ਤੱਕ ਖੁੱਲ੍ਹ ਕੇ ਗੱਲਾਂ ਹੋ ਜਾਂਦੀਆਂ ਹਨ। ਅੰਗਲੀਆਂ-ਸੰਗਲੀਆਂ ਫਰੋਲ ਲੈਂਦੇ ਹਨ। ਚਾਹ-ਪਾਣੀ, ਰੋਟੀ-ਟੁੱਕ ਦੀ ਸੇਵਾ ਵੀ ਪੁਛਦੇ ਹਨ। ਗੋਰੇ ਗੋਰੀਆਂ ਬਾਰੇ ਇਹ ਹੈ ਕਿ ਉਹ ਸਪਸ਼ਟ ਗੱਲ ਕਰਦੇ ਹਨ। ਉਨ੍ਹਾਂ ਦੇ ਬੁੱਲ੍ਹਾਂ ਤੇ ਕੁਦਰਤੀ ਮੁਸਕਾਨ ਹੁੰਦੀ ਹੈ। ਬੜਾ ਖੁੱਲ੍ਹ ਕੇ ਮਿਲਦੇ ਹਨ। ਉਹ ਗੱਲਾਂ ਵਿਚ ਆਉਣ ਦੀ ਬਜਾਏ ਆਪਣੇ ਤੌਰ ਤੇ ਉਮੀਦਵਾਰ ਬਾਰੇ ਜਾਨਣ ਨੂੰ ਤਰਜੀਹ ਦਿੰਦੇ ਹਨ। ਉਹ ਮੁੱਦੇ ਅਤੇ ਨੀਤੀ ਦੀ ਗੱਲ ਕਰਦੇ ਹਨ।

ਇੱਕ ਪੱਖ ਹੋਰ। ਇਨ੍ਹਾਂ ਪਰਚਾ-ਵੰਡ ਜਾਂ ਕੁੰਡੇ ਖੜਕਾਉਣੇ ਕਾਰਕੁਨਾ ਕੋਲ ਉਮੀਦਵਾਰ ਦੇ ਨਿਸ਼ਾਨ - ਸਾਈਨ - ਵੀ ਹੁੰਦੇ ਹਨ। ਛੋਟੇ ਸਾਈਨ ਘਰਾਂ ਦੇ ਮੂਹਰੇ ਘਾਹ ਵਿਚਲੀ ਥਾਂ ਤੇ ਗੱਡੇ ਜਾਂਦੇ ਹਨ। ਵੱਡੇ ਸਾਈਨ ਫੈਂਸ ਜਾਂ ਵਾਗਲੇ ਤੇ ਲਾਏ ਜਾਂਦੇ ਹਨ ਤੇ ਜਾਂ ਮੁੱਖ ਮੋੜਾਂ ਤੇ ਟਿਕਾਏ ਜਾਂਦੇ ਹਨ। ਇਹ ਨਿਸ਼ਾਨ ਘਰ ਵਾਲਿਆਂ ਦੀ ਸਹਿਮਤੀ ਨਾਲ ਹੀ ਲਗਦੇ ਹਨ।

ਇਸ ਡੋਰ-ਨੌਕਿੰਗ ਦੀ ਜਮਹੂਰੀ ਪ੍ਰਣਾਲੀ ਅੰਦਰ ਏਨੀ ਮਹੱਤਤਾ ਹੈ ਕਿ ਇਸ ਵਿਚ ਰਾਜਨੀਤਕ ਉਥਲ-ਪੁਥਲ ਕਰਨ ਦੀ ਸਮਰੱਥਾ ਹੈ। ਇੱਕ ਢੁਕਵੀਂ ਮਿਸਾਲ ਦੇਣੀ ਉਚਿਤ ਰਹੇਗੀ। ਅਮਰੀਕਾ ਵਿਚ ਇਸ ਵੇਲੇ ਸੈਨੇਟ ਦਾ ਬਹੁਗਿਣਤੀ ਲੀਡਰ ( ਡਿਮੌਕ੍ਰੈਟ ) ਚੱਕ ਸ਼ੂਮਰ ਲਿਖਦਾ ਹੈ ਕਿ ਜਦੋਂ ਉਹ ਹਾਵਰਡ ਵਿਖੇ ਪੜ੍ਹਾਈ ਕਰ ਰਿਹੀ ਸੀ ਤਾਂ ਪ੍ਰੈਜ਼ੀਡੈਂਟ ਲਿੰਡਨ ਬੀ. ਜੌਹਨਸਨ ਉਮੀਦਵਾਰ ਸੀ। ਉਸ ਦੇ ਟਾਕਰੇ ਤੇ ਉਮੀਦਵਾਰੀ ਲਈ ਯੂਜੀਨ ਮੈਕਕਾਰਥੀ ਸੀ। ਸ਼ੂਮਰ ਹਾਵਰਡ ਯੰਗ ਡਿਮੌਕ੍ਰੈਟਸ ਵਿਚ ਸ਼ਾਮਲ ਹੋ ਗਿਆ। ਸ਼ੂਮਰ ਵੀਅਤਨਾਮ ਜੰਗ ਦੇ ਖਿਲਾਫ਼ ਆਵਾਜ਼ ਬਣ ਕੇ ਮੈਕਕਾਰਥੀ ਦੀ ਚੋਣ ਮੁਹਿੰਮ ਵਿਚ ਵਾਲੰਟੀਅਰ ( ਕਾਰਕੁਨ ਕਹਿ ਲਵੋ ) ਬਣ ਕੇ ਡੋਰ-ਨੌਕਿੰਗ ਕਰਦਾ ਰਿਹਾ। ਉਹ ਹਰ ਰੋਜ਼ ਬਸ ਤੇ ਚੜ੍ਹ ਕੇ ਹੈਂਪਸ਼ਾਇਰ ਜਾ ਕੇ ਕੁੰਡੇ ਖੜਕਾਉਂਦਾ ਜਾਣੀ ਡੋਰ-ਨੌਕਿੰਗ ਕਰਦਾ। ਨਤੀਜਾ ਇਹ ਹੋਇਆ ਕਿ ਮੈਕਕਾਰਥੀ ਪ੍ਰਾਇਮਰੀ ਦੀ ਚੋਣ ਵਿਚ ਦੂਜੇ ਨੰਬਰ ਤੇ ਅੱਪੜ ਗਿਆ। ਘਬਰਾ ਕੇ ਜੌਹਨਸਨ ਨੂੰ ਐਲਾਨ ਕਰਨਾ ਪਿਆ ਕਿ ਉਹ ਦੋਬਾਰਾ ਚੋਣ ਨਹੀਂ ਲੜੇਗਾ। ਸ਼ੂਮਰ ਦਸਦਾ ਹੈ ਕਿ ਉਦੋਂ ਉਸ ਨੂੰ ਇਹ ਸੋਝੀ ਪਈ ਕਿ ਇਤਿਹਾਸ ਨੂੰ ਮੋੜਾ ਦੇਣ ਲਈ ਸਿਆਸੀ ਸਰਗਰਮੀ ਦੀ ਕਿੰਨੀ ਅਹਿਮੀਅਤ ਹੈ। ਖਿੰਡੇ-ਪੁੰਡੇ ਵਿਦਿਆਰਥੀਆਂ ਅਤੇ ਅਨਜਾਣਾਂ ਦੇ ਇੱਕ ਟੋਲੇ ਨੇ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਆਦਮੀ ਨੂੰ ਲਾਹ ਕੇ ਰੱਖ ਦਿੱਤਾ ਹੈ।

ਜਿਤਨੇ ਅਸਰਦਾਰ ਤਰੀਕੇ ਨਾਲ ਇਹ ਕੁੰਡੇ ਖੜਕਾਉਣਾ ਨਿਭਾਇਆ ਜਾਵੇ, ਓਨਾ ਹੀ ਉਮੀਦਵਾਰ ਦੇ ਹੱਕ ਵਿਚ ਜਾਂਦਾ ਹੈ। ਵੋਟਰਾਂ ਦੇ ਮਨ ਬਦਲਣ ਵਿਚ ਸਹਾਈ ਹੁੰਦਾ ਹੈ, ਉਨ੍ਹਾਂ ਦੁਆਰਾ ਫੈਸਲਾ ਲੈਣ ਵਿਚ ਮਦਦ ਕਰਦਾ ਹੈ ਅਤੇ ਵੋਟਰਾਂ ਨੂੰ ਦੋ-ਚਿੱਤੀ ਵਿੱਚੋਂ ਕੱਢਣ ਦਾ ਸਬੱਬ ਬਣਦਾ ਹੈ। ਸਾਰੇ ਕਾਰਕੁਨ ਉਪ੍ਰੋਕਤ ਵਿਧੀ ਅਨੁਸਾਰ ਤਾਂ ਨਹੀਂ ਵਿਚਰਦੇ ਹੋਣੇ, ਮੇਰੇ ਵਰਗੇ ਨੂੰ ਅਜਿਹਾ ਖਬਤ ਬਾਹਵਾ ਰਾਸ ਆਉਂਦਾ ਹੈ। ਜਿਨ੍ਹਾਂ ਘਰਾਂ ਦੀ ਸਵਿੱਚ ਟੁੱਟੀ ਜਾਂ ਖਰਾਬ ਹੁੰਦੀ ਹੈ, ਉਨ੍ਹਾਂ ਘਰਾਂ ਵਿਚ ਅਸਲੀ ਮਾਅਨਿਆਂ ਵਿਚ ਡੋਰ-ਨੌਕਿੰਗ ਕੰਮ ਆਉਂਦੀ ਹੈ। ਪਰ ਕੁੰਡਾ ਖੜਕਾਉਣ ਦੀ ਰੀਝ ਅੰਦਰੇ ਦੱਬ ਕੇ ਰਹਿ ਜਾਂਦੀ ਹੈ। ਕਿਤਨਾ ਬਦਲ ਗਿਆ ਜ਼ਮਾਨਾ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

## ਅਲਬਰਟਾ ਵਿਧਾਨਸਭਾ ਅੰਦਰ ਹੁਣ ਸਿਰਫ ਟੀਕੇ ਲੱਗੇ ਹੋਏ ਐਮ ਐਲ ਏ ਹੀ ਜਾ ਸਕਣਗੇ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿਧਾਨਸਭਾ ਵਿੱਚ ਗਵਰਨਮੈਂਟ ਹਾਊਸ ਲੀਡਰ ਜੇਸਨ ਨਿਕਸਨ ਨੇ ਕਿਹਾ ਹੈ ਕਿ ਵਿਧਾਨਸਭਾ ਵਿੱਚ ਜਾਣ ਵਾਲੇ ਹਰੇਕ ਵਿਅਕਤੀ ਵਾਸਤੇ ਵੈਕਸਿਨ ਲੱਗੀ ਹੋਣੀ ਲਾਜ਼ਿਮ ਕਰ ਦਿੱਤੀ ਗਈ ਹੈ। ਵਿਧਾਨਸਭਾ ਦਾ ਸੈਸ਼ਨ 25 ਅਕਤੂਬਰ ਤੋਂ ਸ਼ੁਰੂ ਹੋ ਰਿਹਾ ਹੈ ਤੇ ਸਾਰੇ ਵਿਧਾਨਕਾਰਾਂ ਨੂੰ ਕਿਹਾ ਗਿਆ ਹੈ ਕਿ ਬਾਕੀ ਸਰਕਾਰੀ ਕਰਮਚਾਰੀਆਂ ਵਾਂਗ ਉਹਨਾਂ ਨੂੰ ਵੀ ਵੈਕਸਿਨ ਲੈਣੀ ਜ਼ਰੂਰੀ ਹੋਵੇਗੀ। ਨਿਕਸਨ ਨੇ ਦੱਸਿਆ ਕਿ ਇੱਕ ਵਿਧਾਇਕ ਨੂੰ ਛੱਡ ਕੇ ਸਾਰੇ ਸਰਕਾਰੀ ਵਿਧਾਨਕਾਰਾਂ ਦੇ ਘੱਟੋ ਘੱਟ ਇੱਕ ਇੰਜੈਕਸ਼ਨ ਲੱਗ ਚੁੱਕਿਆ ਹੈ। 56 ਵਿਧਾਇਕਾਂ ਦੇ ਦੋ-ਦੋ ਇੰਜੈਕਸ਼ਨ ਲੱਗ ਚੁੱਕੇ ਹਨ। 3 ਦੇ ਇੱਕ ਟੀਕਾ ਲੱਗਿਆ ਹੈ ਤੇ ਸੈਸ਼ਨ ਤੋਂ ਪਹਿਲਾਂ ਦੋਵੇਂ ਟੀਕੇ ਲੱਗ ਜਾਣਗੇ। ਇੱਕ ਵਿਧਾਇਕ ਦੀ ਮੈਡਿਕਲ ਪ੍ਰੋਸੈਸ ਚੱਲ ਰਹੀ ਹੈ। ਐਨਡੀਪੀ ਦਾ ਕਹਿਣਾ ਹੈ ਕਿ ਉਹਨਾਂ ਦੇ ਸਾਰੇ ਵਿਧਾਇਕਾਂ ਦੇ ਦੋ-ਦੋ ਇੰਜੈਕਸ਼ਨਜ਼ ਲੱਗ ਚੁੱਕੇ ਹਨ। ਨਵੀਂ ਪੌਲਿਸੀ ਮੁਤਾਬਿਕ ਜਿਸ ਐਮਐਲਏ ਦੇ ਵੈਕਸਿਨ ਨਹੀਂ ਲੱਗੀ ਹੈ ਉਸ ਨੂੰ 72 ਘੰਟੇ ਦੇ ਅੰਦਰ ਅੰਦਰ ਕਰਵਾਏ ਟੈਸਟ ਦੀ ਨੈਗੇਟਿਵ ਰਿਪੋਰਟ ਦਿਖਾਉਣੀ ਪਵੇਗੀ।

## ਫੌਜ ਦੇ ਡਾਕਟਰ ਅਲਬਰਟਾ ਸੂਬੇ ਅੰਦਰ ਮੱਦਦ ਲਈ ਪੁੱਜੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੇਸ਼ ਦੇ ਡਿਫੈਂਸ ਮਨਿਸਟਰ ਹਰਜੀਤ ਸੱਜਣ ਦਾ ਕਹਿਣਾ ਹੈ ਕਿ ਫੌਜ ਤੋਂ 8 ਕ੍ਰਿਟਿਕਲ ਕੇਅਰ ਨਰਸਿਜ਼ ਨੂੰ ਐਲਬਰਟਾ ਭੇਜ ਦਿੱਤਾ ਗਿਆ ਹੈ ਜਿਹਨਾਂ ਦੀ ਸੂਬੇ ਵਿੱਚ ਕੋਵਿਡ-19 ਨਾਲ ਨਜਿੱਠਣ ਵਿੱਚ ਸਹਾਇਤਾ ਲਈ ਜਾਵੇਗੀ। ਪਬਲਿਕ ਸੇਫ਼ਟੀ ਕੈਨੇਡਾ ਦਾ ਕਹਿਣਾ ਹੈ ਕਿ ਉਹਨਾਂ ਵੱਲੋਂ 20 ਮੈਡਿਕਲ ਪ੍ਰੋਫੈਸ਼ਨਲਜ਼ ਭੇਜੇ ਗਏ ਹਨ ਜਿਹਨਾਂ ਵਿੱਚੋਂ ਕੁਝ ਆਈਸੀਯੂ ਮਾਹਿਰ ਹਨ ਤੇ ਉਹਨਾਂ ਵੱਲੋਂ ਹਸਪਤਾਲਾਂ ਦੇ ਆਈਸੀਯੂ'ਜ਼ ਵਿੱਚ ਸਹਾਇਤਾ ਦਿੱਤੀ ਜਾਵੇਗੀ। ਇਸ ਨੂੰ ਔਪਰੇਸ਼ਨ ਲੇਜ਼ਰ ਦਾ ਨਾਮ ਦਿੱਤਾ ਗਿਆ ਹੈ। ਮਨਿਸਟਰ ਸੱਜਣ ਨੇ ਦੱਸਿਆ ਕਿ ਜਦੋਂ ਤੋਂ ਪੈਨਡੈਮਿਕ ਸ਼ੁਰੂ ਹੋਇਆ ਹੈ, ਦੇਸ਼ ਵਿੱਚ ਇਸ ਤਰ੍ਹਾਂ ਦੀ ਸਹਾਇਤਾ ਵਾਸਤੇ 65 ਬੇਨਤੀਆਂ 'ਤੇ ਕੰਮ ਕੀਤਾ ਗਿਆ ਹੈ।

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਇਨਕਲਾਬੀਆਂ ਦੇ ਸਿਰ ਤੇ ਹੀ ਦੇਸ਼ ਬਣਦੇ ਨੇ- ਚਰਖੇ ਚਲਾਉਣ ਨਾਲ ਤਾਂ ਬਸ ਖੇਸ ਬਣਦੇ ਨੇ--

## ਰਾਈਟਰਜ਼ ਫੋਰਮ ਕੈਲਗਰੀ ਦੇ ਮੈਂਬਰਾਂ ਦੀ ਮਿਲਣੀ ਮੌਕੇ ਉਪਰੋਕਤ ਵਿਚਾਰਾਂ ਹੋਈਆਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਜ਼ੂਮ ਮੀਟਿੰਗ ਦੋ ਅਕਤੂਬਰ ਨੂੰ ਸਾਹਿਤ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਵਿਚ ਹੋਈ। ਜਨਰਲ ਸਕੱਤਰ ਜਸਵੀਰ ਸਿਹੋਤਾ ਨੇ ਹਾਜ਼ਰੀਨ ਨੂੰ ਜੀ-ਆਇਆਂ ਕਿਹਾ। ਨਾਲ ਹੀ ਇਨ੍ਹਾਂ ਦਿਨਾਂ ਦੇ ਇਤਿਹਾਸਕ ਮਹੱਤਵ ਬਾਰੇ ਬੋਲਦਿਆਂ ਸ਼ਹੀਦੇ ਆਜ਼ਮ ਭਗਤ ਸਿੰਘ, ਮਹਾਤਮਾ ਗਾਂਧੀ, ਲਾਲ ਬਹਾਦਰ ਸ਼ਾਸ਼ਤਰੀ ਦੇ ਜਨਮ ਦਿਨ ਦੇ ਸਬੰਧ ਵਿਚ ਉਨ੍ਹਾਂ ਬਾਰੇ ਸੰਖੇਪ ਵਰਨਣ ਕੀਤਾ। ਤੀਹ ਸਤੰਬਰ ਨੂੰ ਮਨਾਏ ਗਏ ਟਰੁੱਥ ਐਂਡ ਰੀਕਨਸੀਲੀਏਸ਼ਨ ਦਿਵਸ ਦੇ ਪਿਛੋਕੜ ਦੀ ਜਾਣਕਾਰੀ ਦਿੱਤੀ। ਮਾਨਯੋਗ ਸ਼ਖ਼ਸੀਅਤ, ਸਾਹਿਤ ਸਭਾਵਾਂ ਦੇ ਮੋਢੀ, ਡਾ. ਮਹਿੰਦਰ ਸਿੰਘ ਹੱਲਣ ਨੂੰ ਵਿਸ਼ੇਸ਼ ਤੌਰ ਤੇ ਜੀ-ਆਇਆਂ ਆਖਦਿਆਂ ਉਨ੍ਹਾਂ ਦਾ ਸ਼ਾਮਲ ਹੋਣ ਲਈ ਉਚੇਚਾ ਧੰਨਵਾਦ ਕੀਤਾ। ਅਗਲੀ ਕਾਰਵਾਈ ਜਗਦੀਸ਼ ਕੌਰ ਦੇ ਸ਼ਬਦ-ਗਾਇਨ ਨਾਲ ਸ਼ੁਰੂ ਹੋਈ। ਡਾ. ਹੱਲਣ ਨੇ ਆ ਰਹੀਆਂ ਸਿਟੀ ਕੌਂਸਲ ਦੀਆਂ ਚੋਣਾਂ ਬਾਰੇ ਵਿਚਾਰ ਰਖਦਿਆਂ ਪ੍ਰੇਰਨਾ ਸਹਿਤ ਚਿਤਾਵਨੀ ਦਿੱਤੀ ਕਿ ਸਾਰੇ ਵੋਟਰਾਂ ਨੂੰ ਜ਼ਿਮੇਵਾਰੀ ਤੇ ਚੌਕਸੀ ਨਾਲ ਵੋਟ ਦੇ ਹੱਕ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਸਭ ਤੋਂ ਲਾਇਕ, ਪਰਖੇ ਹੋਏ, ਜਾਣੇ-ਪਛਾਣੇ ਤੇ ਲੋਕਾਂ ਦੇ ਹੱਕ ਵਿਚ ਡਟ ਕੇ ਖੜ੍ਹਨ ਵਾਲੇ ਉਮੀਦਵਾਰਾਂ ਨੂੰ ਕਾਮਯਾਬ ਕੀਤਾ ਜਾਵੇ। ਡਾ. ਬਲਵਿੰਦਰ ਕੌਰ ਬਰਾੜ ਨੇ ਡਾ. ਹੱਲਣ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸ਼ਹੀਦੇ-ਆਜ਼ਮ ਦੇ ਹਵਾਲੇ ਨਾਲ ਸਮਿਆਂ ਦੇ ਹਾਲਾਤ ਮੁਤਾਬਕ ਨੌਜਵਾਨਾਂ ਦੇ ਗਰਮ ਪ੍ਰਤੀਕਰਮ ਦੇ ਮਨੋਵਿਗਿਆਨ ਬਾਰੇ ਵਿਦਵਤਾ ਭਰੇ ਵਿਚਾਰ ਪਰੋਸੇ। ਲੋਕ-ਲਹਿਰਾਂ ਦੀ ਸਰਗਰਮ ਕਾਰਕੁਨ ਅਤੇ ਇਪਟਾ ਦਾ ਇਤਿਹਾਸ ਪੁਸਤਕ ਦੀ ਲੇਖਕਾ, ਰਾਜਵੰਤ ਕੌਰ ਮਾਨ ਨੇ ਕਿਸਾਨ ਅੰਦੋਲਨ ਨੂੰ ਸਮਰਪਿਤ ਆਪਣਾ ਤਾਜ਼ਾ ਗੀਤ ਸੁਣਾਇਆ -- ਕਿਰਤੀਆਂ ਦਾ ਆ ਗਿਆ ਜ਼ਮਾਨਾ। ਰਾਮ ਸਰੂਪ ਸੈਣੀ, ਸਰਬਜੀਤ ਕੌਰ ਉਪਲ, ਜੋਗਾ ਸਿੰਘ ਸਹੋਤਾ ਤੇ ਅਮਰਜੀਤ ਸਹੋਤਾ, ਐਡਮੰਟਨ ਨੇ ਗੀਤਾਂ ਦੀ ਛਹਿਬਰ ਲਾਈ। ਸੁਜਾਨ ਸਿੰਘ ਸੁਜਾਨ, ਟੋਰਾਂਟੋ, ਨੇ ਸ਼ਹੀਦੇ-ਆਜ਼ਮ ਬਾਰੇ ਆਪਣੀ ਕਵਿਤਾ ਪੇਸ਼ ਕਰਕੇ ਪਰਪੱਕ ਗੀਤਕਾਰ ਅਤੇ ਗਾਇਕ ਦਾ ਸਬੂਤ ਦਿੱਤਾ -- ਅਜੇ ਤੀਕ ਵੀ ਮੜ੍ਹੀ ਉਹਦੀ 'ਚੋਂ, ਮਹਿਕ ਵਤਨ ਦੀ ਆਉਂਦੀ ਪਈ ਏ। ਸੱਜਰੇ ਪਰ ਵਿਲੱਖਣ ਨਾਵਲ 'ਮਿਸ਼ਨ ਰੈੱਡ ਸਟਾਰ' ਦੀ ਲੇਖਿਕਾ ਗੁਰਚਰਨ ਕੌਰ ਥਿੰਦ ਨੇ ਮੂਲ ਨਿਵਾਸੀਆਂ ਨਾਲ ਹੋਏ ਅਣ-ਮਨੁੱਖੀ ਕਹਿਰਾਂ ਦੀ ਵਾਰਤਾ ਦਸਦਿਆਂ ਭਾਰਤ ਅੰਦਰਲੇ ਜਾਤ-ਪਾਤ ਦੇ ਕੋਹੜ ਦੀ ਭਰਵੀਂ ਨਿੰਦਾ ਕੀਤੀ। ਬਿੱਕਰ ਸਿੰਘ ਸੰਧੂ ਅਤੇ ਸੁਰਿੰਦਰ ਢਿੱਲੋਂ ਨੇ ਉਪ੍ਰੋਕਤ ਵਿਸ਼ਿਆਂ ਬਾਰੇ ਇਤਿਹਾਸਕ ਤੇ ਦਾਰਸ਼ਨਿਕ ਪੱਖ ਤੋਂ ਵਡ-ਮੁੱਲੀ ਤੇ ਮਿਆਰੀ ਜਾਣਕਾਰੀ ਸਾਂਝੀ ਕੀਤੀ। ਜਗਜੀਤ ਰਹਿਸੀ ਦੇ ਸੁਚੱਜੀ ਚੋਣ ਦੇ ਸ਼ੇਅਰਾਂ ਨੂੰ ਤਾਂ ਦਾਦ ਮਿਲਣੀ ਹੀ ਸੀ, ਸੋ ਮਿਲੀ। ਡਾ. ਮਨਮੋਹਨ ਬਾਠ ਨੇ ਸ਼ਿਵ ਕੁਮਾਰ ਦਾ ਗੀਤ ਗਾ ਕੇ ਬਿਰਹਾ ਦਾ ਮਾਹੌਲ ਸਿਰਜ ਦਿੱਤਾ - ਕਬਰਾਂ ਉਡੀਕਦੀਆਂ ਮੈਨੂੰ ਜਿਉਂ ਪੁੱਤਰਾਂ ਨੂੰ ਮਾਵਾਂ। ਅਜਾਇਬ ਸਿੰਘ ਸੇਖੋਂ ਨੇ ਆਪਣੀ ਕਵਿਤਾ ਪੇਸ਼ ਕਰ ਕੇ ਗੰਭੀਰਤਾ ਵੀ ਲਿਆਂਦੀ ਤੇ ਕਟਾਖ਼ਸ਼ ਨਾਲ ਹਾਸਾ ਵੀ ਵੰਡਿਆ - ਇਨਕਲਾਬੀਆਂ ਦੇ ਸਿਰ ਤੇ ਹੀ ਦੇਸ਼ ਬਣਦੇ ਨੇ। ਚਰਖੇ ਚਲਾਉਣ ਨਾਲ ਤਾਂ ਬਸ ਖੇਸ ਬਣਦੇ ਨੇ। ਜਗਦੇਵ ਸਿੱਧੂ ਨੇ ਇਨ੍ਹਾਂ ਵਿਸ਼ਿਆਂ ਦੇ ਅਣ-ਜਾਣੇ ਪੱਖਾਂ ਨੂੰ ਉਘਾੜਿਆ ਤੇ ਕਿਸਾਨੀ ਅੰਦੋਲਨ ਨਾਲ ਜੋੜ ਕੇ ਭਗਤ ਸਿੰਘ ਦੇ ਵਿਚਾਰਾਂ ਦੀ ਸਾਰਥਕਤਾ ਸਾਹਮਣੇ ਲਿਆਂਦੀ। ਸੇਵਾ ਸਿੰਘ ਤੇ ਜਸਵੰਤ ਸਿੰਘ ਤੱਖਰ ਵਿਚਾਰ ਚਰਚਾ ਦਾ ਜ਼ਰੂਰੀ ਹਿੱਸਾ ਬਣੇ। ਸ਼ਮਸ਼ੇਰ ਸਿੰਘ ਸੰਧੂ ਦੀ ਗ਼ਜ਼ਲ - ਹੈ ਸਿਆਣਾ ਬੋਲ ਨੂੰ ਜੋ ਤੋਲ ਕੇ ਹੈ ਬੋਲਦਾ - ਸਿਆਣਪ ਵਰਤਾ ਗਈ। ਉਸ ਨੇ ਬਤੌਰ ਪ੍ਰਧਾਨ, ਜਿੱਥੇ ਸਾਰਿਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਤੇ ਸਭ ਦਾ ਧੰਨਵਾਦ ਕੀਤਾ, ਉੱਥੇ ਜਸਵੀਰ ਸਿਹੋਤਾ ਨੂੰ ਸ਼ਾਨਦਾਰ ਸੇਵਾਵਾਂ ਅਤੇ ਫੋਰਮ ਨੂੰ ਮਿਆਰੀ ਲੀਹਾਂ ਤੇ ਚਲਾਉਣ ਲਈ ਕੀਤੇ ਉੱਦਮ ਤੇ ਯਤਨਾਂ ਲਈ ਉਸ ਦਾ ਪ੍ਰਸ਼ੰਸਾ ਭਰਿਆ ਧੰਨਵਾਦ ਵੀ ਕੀਤਾ।

# ਆਹ ਤਾਂ ਹੈਰਾਨੀ ਵਾਲਾ ਹੁਕਮ ਐ ਕਿ ਕਰੋਨਾ ਪੌਜ਼ਿਟਿਵ ਮਰੀਜ ਕਿਸੇ ਪ੍ਰੈਗਨੈਂਟ ਔਰਤ ਦੇ ਨੇੜੇ ਜਾ ਸਕਦਾ ਹੈ!

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਇੱਕ ਡਾਕਟਰ ਨੇ ਲੰਘੇ ਜੁਲਾਈ ਮਹੀਨੇ ਵਿੱਚ ਐਲਬਰਟਾ ਹੈਲਥ ਦੇ ਇੱਕ ਅਜਿਹੇ ਹੁਕਮ ਦਾ ਖੁਲਾਸਾ ਕੀਤਾ ਹੈ ਜਿਸ ਤਹਿਤ ਹਸਪਤਾਲਾਂ ਵਿੱਚ ਕੰਮ ਕਰ ਰਹੇ ਹੈਲਥ ਵਰਕਰਾਂ ਦਾ ਬੋਝ ਵਧ ਗਿਆ ਹੈ ਤੇ ਉਹ ਇਸ ਨਵੇਂ ਹੁਕਮ ਨੂੰ ਲੈ ਕੇ ਪਰੇਸ਼ਾਨ ਹਨ। ਇਸ ਡਾਕਟਰ ਨੇ ਸੋਸ਼ਲ ਮੀਡੀਆ 'ਤੇ ਪਾਈ ਇੱਕ ਪੋਸਟ ਵਿੱਚ ਦੱਸਿਆ ਹੈ ਕਿ ਜਿਹੜੇ ਵਿਅਕਤੀ ਕੋਵਿਡ-19 ਪੌਜ਼ਿਟਿਵ ਹਨ, ਜਾਂ ਜਿਹਨਾਂ ਵਿੱਚ ਕੋਰੋਨਾ ਵਾਇਰਸ ਦੇ ਲੱਛਣ ਹਨ ਅਤੇ ਉਹਨਾਂ ਨੂੰ 14 ਦਿਨਾਂ ਲਈ ਕੁਐਰੈਂਟੀਨ ਹੋਣ ਲਈ ਕਿਹਾ ਗਿਆ ਹੈ, ਉਹ 4 ਅਕਤੂਬਰ ਤੋਂ ਆਪਣੇ ਕਿਸੇ ਵੀ ਪ੍ਰੈਗਨੈਂਟ ਮਰੀਜ਼ ਦੀ ਦੇਖਭਾਲ ਲਈ ਹਸਪਤਾਲ ਦੇ ਮੈਟਰਨਿਟੀ ਵਾਰਡ ਵਿੱਚ ਜਾ ਸਕਦੇ ਹਨ ਤੇ ਮਰੀਜ਼ ਨਾਲ ਰਹਿ ਸਕਦੇ ਹਨ। ਅਜਿਹੇ ਵਿਅਕਤੀਆਂ ਵੱਲੋਂ ਹਸਪਤਾਲ ਪ੍ਰਸ਼ਾਸਨ ਨੂੰ ਪਹਿਲਾਂ ਜਾਣਕਾਰੀ ਦੇਣੀ ਪਵੇਗੀ ਅਤੇ ਮਾਸਕ ਪਾ ਕੇ ਰੱਖਣਾ ਪਵੇਗਾ ਤੇ ਮਾਂ ਅਤੇ ਬੱਚੇ ਤੋਂ ਇਲਾਵਾ ਹਰ ਕਿਸੇ ਤੋਂ ਸਰੀਰਕ ਦੂਰੀ ਬਣਾ ਕੇ ਰੱਖਣੀ ਪਵੇਗੀ। ਅਜਿਹੇ ਵਿਅਕਤੀ ਨੂੰ ਹਸਪਤਾਲ ਵਿੱਚ ਘੁੰਮਣ-ਫਿਰਨ ਦੀ ਆਗਿਆ ਨਹੀਂ ਹੋਵੇਗੀ। ਡਾਕਟਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਪਾਲਿਸੀ ਬਣਾ ਕੇ ਸਟਾਫ਼ ਤੇ ਦੂਜੇ ਮਰੀਜ਼ਾਂ ਲਈ ਵੱਡਾ ਖ਼ਤਰਾ ਸਹੇੜਿਆ ਗਿਆ ਹੈ। ਐਲਬਰਟਾ ਹੈਲਥ ਦਾ ਕਹਿਣਾ ਹੈ ਕਿ ਕਿਸੇ ਪ੍ਰੈਗਨੈਂਟ ਔਰਤ ਨੂੰ ਇਕੱਲਿਆਂ ਨਹੀਂ ਰਹਿਣ ਦਿੱਤਾ ਜਾ ਸਕਦਾ ਤੇ ਉਸ ਦੇ ਅਧਿਕਾਰ ਨੂੰ ਵੇਖਦਿਆਂ ਇਹ ਫੈਸਲਾ ਲਿਆ ਗਿਆ ਹੈ।

# ਡਾਊਨਟਾਊਨ ਵਿੱਚ ਗੋਲੀ ਚੱਲਣ ਦੀਆਂ ਘਟਨਾਵਾਂ ਵਾਪਰੀਆਂ, ਦੋ ਜ਼ਖਮੀ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਐਤਵਾਰ ਦੀ ਵੱਡੀ ਸਵੇਰ ਪੌਣੇ 3 ਵਜੇ ਦੇ ਕਰੀਬ ਡਾਊਨ-ਟਾਊਨ ਕੈਲਗਰੀ ਵਿੱਚ ਇੱਕ ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ ਤੇ ਇੱਕ ਹੋਰ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ। 8 ਐਵੇਨਿਊ ਸਾਊਥ ਵੈਸਟ 'ਤੇ 5 ਅਤੇ 6 ਸਟ੍ਰੀਟ ਦਰਮਿਆਨ ਸਥਿਤ ਇੱਕ ਨਾਇਟ-ਕਲੱਬ ਦੇ ਸਾਹਮਣੇ ਇਹ ਵਾਰਦਾਤ ਹੋਈ ਦੱਸੀ ਜਾਂਦੀ ਹੈ। ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਤਾਂ 30-35 ਸਾਲ ਦੀ ਉਮਰ ਦਾ ਇੱਕ ਵਿਅਕਤੀ ਬੇਹੱਦ ਗੰਭੀਰ ਜ਼ਖਮੀ ਹਾਲਤ ਵਿੱਚ ਪਿਆ ਸੀ ਜਿਸ ਦੀ ਛੇਤੀ ਮਗਰੋਂ ਮੌਤ ਹੋ ਗਈ। ਕੈਲਗਰੀ ਪੁਲਿਸ ਵੱਲੋਂ ਜਾਂਚ ਕੀਤੀ ਹੀ ਜਾ ਰਹੀ ਸੀ ਕਿ 30-35 ਸਾਲ ਦੀ ਉਮਰ ਦਾ ਇੱਕ ਹੋਰ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਫੁਟਹਿਲਜ਼ ਹਸਪਤਾਲ ਪਹੁੰਚ ਗਿਆ। ਉਸ ਦੀ ਹਾਲਤ ਬਹੁਤ ਗੰਭੀਰ ਦੱਸੀ ਜਾਂਦੀ ਹੈ ਪਰ ਉਸ ਨੂੰ ਖ਼ਤਰੇ ਤੋਂ ਬਾਹਰ ਐਲਾਨ ਦਿੱਤਾ ਗਿਆ ਹੈ। ਫਿਲਹਾਲ ਦੋਵਾਂ ਘਟਨਾਵਾਂ ਨੂੰ ਜੋੜ ਕੇ ਵੇਖਿਆ ਜਾ ਰਿਹਾ ਹੈ। ਪੁਲਿਸ ਨੇ ਸੰਭਾਵਿਤ ਗਵਾਹਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

# ਅੱਗ ਲੱਗਣ ਕਾਰਣ ਦੋ ਘਰਾਂ ਵਿਚ ਰਹਿੰਦੇ ਪਰਿਵਾਰ ਬੇਘਰੇ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਸੈਂਟਰ ਸਟ੍ਰੀਟ ਨੌਰਥ ਦੇ 8300 ਬਲੌਕ ਵਿੱਚ ਬੈਡਿੰਗਟਨ ਕਮਿਊਨਿਟੀ ਦੇ ਇੱਕ ਘਰ ਨੂੰ ਅੱਗ ਲੱਗ ਜਾਣ ਕਾਰਨ 6 ਵਿਅਕਤੀ ਤੇ ਇੱਕ ਪਾਲਤੂ ਬੇਘਰ ਹੋ ਗਏ ਹਨ। ਜਦੋਂ ਅੱਗ ਬੁਝਾਊ ਅਮਲਾ ਮੌਕੇ 'ਤੇ ਪਹੁੰਚੇ ਤਾਂ ਇਹ ਸਿੰਗਲ ਫੈਮਿਲੀ ਹੋਮ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿੱਚ ਸੀ। ਇਸ ਘਰ ਦੇ 4 ਮੈਂਬਰ ਸੁਰੱਖਿਅਤ ਨਿੱਕਲ ਆਏ ਸਨ ਅਤੇ ਅੱਗ ਦੇ ਘੇਰੇ ਵਿੱਚ ਆਏ ਨਾਲ ਲੱਗਦੇ ਘਰ ਵਿੱਚੋਂ ਦੋ ਵਿਅਕਤੀ ਅਤੇ ਇੱਕ ਪਾਲਤੂ ਵੀ ਸੁਰੱਖਿਅਤ ਨਿੱਕਲ ਆਏ। ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਇੱਕ ਘਰ ਪੂਰੀ ਤਰਾਂ ਨੁਕਸਾਨਿਆ ਗਿਆ ਹੈ ਜਦੋਂ ਨਾਲ ਲੱਗਦੇ ਘਰ ਨੂੰ ਵੀ ਨੁਕਸਾਨ ਪਹੁੰਚਿਆ ਹੈ ਤੇ ਇਹਨਾਂ ਸਾਰੇ ਵਿਅਕਤੀਆਂ ਨੂੰ ਸ਼ੈਲਟਰ ਦਿੱਤਾ ਜਾ ਰਿਹਾ ਹੈ ਤੇ ਨੁਕਸਾਨ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਅੱਗ ਘਰ ਦੇ ਪਿਛਿਓਂ ਸ਼ੁਰੂ ਹੋਈ ਮੰਨੀ ਜਾ ਰਹੀ ਹੈ। ਜਾਂਚ ਚੱਲ ਰਹੀ ਹੈ।

# ਪੁਲਿਸ ਦੀਆਂ ਵਰਦੀਆਂ ਅਤੇ ਹੋਰ ਸਾਜੋ ਸਮਾਨ ਚੋਰੀ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਇੱਕ ਘਰ ਵਿਚੋਂ ਕੈਲਗਰੀ ਅਤੇ ਐਡਮੰਟਨ ਪੁਲਿਸ ਦੀਆਂ ਵਰਦੀਆਂ ਅਤੇ ਪੁਲਿਸ ਅਧਿਕਾਰੀਆਂ ਨਾਲ ਸੰਬੰਧਿਤ ਕੁੱਝ ਸਮਾਨ ਚੋਰੀ ਕਰ ਲਏ ਜਾਣ ਦੀ ਸੂਚਨਾ ਹੈ। ਪੁਲਿਸ ਦਾ ਕਹਿਣਾ ਹੈ ਕਿ ਨੌਰਥ ਵੈਸਟ ਕੈਲਗਰੀ ਦੇ ਇੱਕ ਘਰ ਵਿੱਚੋਂ ਇਹ ਸਮਾਨ ਚੋਰੀ ਹੋਣ ਦੇ ਸੰਬੰਧ ਵਿੱਚ ਇਹ ਨਹੀਂ ਦੱਸਿਆ ਕਿ ਕਿਸ ਘਰ ਵਿੱਚ ਚੋਰੀ ਹੋਈ ਹੈ ਤੇ ਉਸ ਘਰ ਵਿੱਚ ਇਹ ਸਮਾਨ ਕਿਉਂ ਰੱਖਿਆ ਹੋਇਆ ਸੀ। ਚੋਰੀ ਹੋਏ ਸਮਾਨ ਵਿੱਚ ਸੌਫ਼ਟ ਬੌਡੀ ਆਰਮਰ, ਡਿਊਟੀ ਬੈਲਟ, ਫਾਇਰ-ਆਰਮ ਹੋਲਸਟਰ, ਆਰ.ਸੀ.ਐਮ.ਪੀ. ਪੈਟਰੋਲ ਜੈਕੇਟ ਅਤੇ ਪਾਰਕਾ, 4 ਆਰਸੀਐਮਪੀ ਡਿਊਟੀ ਸ਼ਰਟਸ, 5 ਆਰਸੀਐਮਪੀ ਬੇਸਬੌਲ ਕੈਪਸ, ਆਰਸੀਐਮਪੀ ਟ੍ਰਕ, ਇੰਟੇਰਨੈਸ਼ਨਲ ਆਰਸੀਐਮਪੀ ਸ਼ਰਟਸ, ਸਮੌਲ ਸੈਂਟਰੀ ਸੇਫ਼, ਸੌਫ਼ਟ ਪੁਲਿਸ ਡਿਊਟੀ ਬੈਗ, ਟੈਕਟਿਕਲ ਫੈਨੀ ਬੈਗ, ਪੁਲਿਸ ਪੈਚ ਅਤੇ ਸ਼ੋਲਡਰ ਫ਼ਲੈਸ਼, ਐਡਮੰਟਨ ਪੁਲਿਸ ਹੈਟ ਅਤੇ ਡ੍ਰੈਸ ਯੂਨਿਫੌਰਮ ਸ਼ਾਮਲ ਹਨ। ਪੁਲਿਸ ਨੇ ਲੋਕਾਂ ਨੂੰ ਸਾਵਧਾਨ ਕਰਦਿਆਂ ਕਿਹਾ ਹੈ ਕਿ ਜੇ ਕੋਈ ਪੁਲਿਸ ਅਧਿਕਾਰੀ ਕਿਸੇ ਨੂੰ ਰੋਕੇ ਤਾਂ ਪਹਿਲਾਂ ਨੌਨ-ਐਮਰਜੰਸੀ ਨੰਬਰ 403-266-1234 'ਤੇ ਸੰਪਰਕ ਕਰਕੇ ਉਸ ਦੀ ਪਛਾਣ ਦੀ ਤਸਦੀਕ ਕਰ ਲਈ ਜਾਵੇ।

# ਪ੍ਰਮਾਣੂ ਪ੍ਰੋਗਰਾਮ ਦੇ ਪਿਤਾਮਾ ਮੰਨੇ ਜਾਂਦੇ ਡਾ: ਅਬਦੁਲ ਕਦੀਰ ਦਾ ਦੇਹਾਂਤ ਹੋ ਗਿਆ




ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਪ੍ਰਮਾਣੂ ਪ੍ਰੋਗਰਾਮ ਦੇ ਫਾਦਰ ਵਜੋਂ ਜਾਣੇ ਜਾਂਦੇ ਡਾ. ਅਬਦੁਲ ਕਦੀਰ ਖਾਨ ਦਾ ਦੇਹਾਂਤ ਹੋ ਗਿਆ ਹੈ। ਉਹ 85 ਵਰ੍ਹਿਆਂ ਦੇ ਸਨ। ਡਾ. ਖਾਨ ਨੂੰ ਪਾਕਿਸਤਾਨ ਦੇ ਨਿਸ਼ਾਨ-ਏ-ਇਮਤਿਆਜ਼ ਨਾਲ ਦੋ ਵਾਰ ਨਵਾਜ਼ਿਆ ਗਿਆ ਸੀ। 1935 ਵਿੱਚ ਅਨਡਿਵਾਇਡਿ ਇੰਡੀਆ ਦੇ ਭੋਪਾਲ ਵਿੱਚ ਉਹਨਾਂ ਦਾ ਜਨਮ ਹੋਇਆ ਸੀ ਤੇ ਉਹ ਉਚੇਰੀ ਪੜ੍ਹਾਈ ਵਾਸਤੇ ਜਰਮਨੀ, ਬੈਲਜੀਅਮ ਅਤੇ ਨੈਦਰਲੈਂਡਜ਼ ਵਿੱਚ ਵੀ ਗਏ ਸਨ।

# ਸਿਹਤ ਸੰਬੰਧੀ

## ਆਹ ਲਉ ਤੋੜਤਾ ਗਿਲਾਸ?





ਸੁਖਵਿੰਦਰ ਬਰਾੜ
91-86996-17609

ਅਸੀਂ ਇਹ ਆਮ ਹੀ ਦੇਖਦੇ ਹਾਂ ਕਿ ਹਰ ਦੂਜੇ ਤੀਜੇ ਦਿਨ ਭਾਂਡੇ ਧੋਂਦਿਆਂ ਗਿਲਾਸ ਟੁੱਟਦੇ। ਤੇ ਕੁੱਝ ਘਰਾਂ ਵਿੱਚ ਸੱਸਾਂ ਨੂੰਹ ਨੂੰ ਕਹਿੰਦੀਆਂ ਕਿ ਫਿਰ ਤੋੜ ਦਿੱਤਾ ਗਿਲਾਸ ?

ਕੀ ਕਾਰਨ ਹੋ ਸਕਦਾ ਹੈ ਗਿਲਾਸ ਟੁੱਟਣ ਦਾ ?

ਆਓ ਜਾਣੀਏ ਕਿ ਸਾਡਾ ਹੈਂਡ ਗਰਿੱਪ ਕਿਉਂ ਕਮਜੋਰ ਹੋ ਰਿਹਾ ਹੈ ।

ਪੋਟਾਸ਼ੀਅਮ ਸਾਡੇ ਮਸਲ ਅਤੇ ਨੈਰਵ ਸਿਸਟਮ ਨੂੰ ਮਜਬੂਤ ਤੇ ਪਰਾਪਰ ਕਾਰਵਾਈ ਲਈ ਬਹੁਤ ਲਾਹੇਵੰਦ ਹੈ । ਇਹ ਸੋਡੀਅਮ ਪੋਟਾਸ਼ੀਅਮ ਪੰਪ ਦਾ ਅਨਿੱਖੜਵਾਂ ਹਿੱਸਾ ਹੈ । ਜਦੋਂ ਵੀ ਕਿਸੇ ਮਸਲ ਜਾਂ ਨੈਰਵ ਨੇ ਕੋਈ ਮੈਸੇਜ ਡਿਲਵਰ ਕਰਨਾ ਹੁੰਦਾ ਹੈ ਤਾਂ ਤਿੰਨ ਐਟਮ ਸੋਡੀਅਮ ਦੇ ਸੈਲਾਂ ਵਿੱਚ ਜਾਂਦੇ ਹਨ ਇਸ ਦੇ ਬਦਲੇ ਦੋ ਐਟਮ ਪੋਟਾਸ਼ੀਅਮ ਦੇ ਸੈਲਾਂ ਵਿੱਚੋਂ ਬਾਹਰ ਆਉਂਦੇ ਹਨ ਤੇ ਐਕਸ਼ਨ ਪੂਰਾ ਹੋ ਜਾਂਦਾ ਹੈ । ਮਸਲ ਮਜਬੂਤੀ ਨਾਲ ਆਪਣਾ ਕੰਮ ਕਰਦਾ ਹੈ ।

ਇਸ ਪੂਰੀ ਕਿਰਿਆ ਵਿੱਚ ਦੋ ਮਿਨਰਲ ਸੋਡੀਅਮ, ਪੋਟਾਸ਼ੀਅਮ ਦੀ ਲੋੜ ਪਈ। ਹੁਣ ਇਹਨਾਂ ਦੋਹਾਂ ਨੇ ਆਪਣੀ ਆਪਣੀ ਜਗ੍ਹਾ ਵਾਪਸ ਆਉਣਾ ਹੁੰਦਾ ਹੈ ਜਾਣੀ ਕਿ ਪੋਟਾਸ਼ੀਅਮ ਨੇ ਸੈਲਾਂ ਦੇ ਅੰਦਰ ਤੇ ਸੋਡੀਅਮ ਨੇ ਸੈਲਾਂ ਦੇ ਬਾਹਰ ।ਇਸ ਕੰਮ ਨੂੰ ਪੂਰਾ ਕਰਨ ਲਈ ਇੱਕ ਤੀਜੇ ਮਿਨਰਲ ਦੀ ਲੋੜ ਪੈਂਦੀ ਹੈ, ਮੈਗਨੀਸ਼ੀਅਮ ਦੀ। ਮੈਗਨੀਸ਼ੀਅਮ ਪੋਟਾਸ਼ੀਅਮ ਨੂੰ ਵਾਪਸ ਸੈਲਾਂ ਵਿੱਚ ਭੇਜਣ ਦਾ ਕੰਮ ਕਰਦਾ ਹੈ। ਸੋ ਜੇਕਰ ਸਾਨੂੰ ਤਿੰਨਾਂ ਵਿਚੋਂ ਕਿਸੇ ਇੱਕ ਜਾਂ ਦੋ ਜਾਂ ਤਿੰਨਾਂ ਦੀ ਘਾਟ ਹੋਵੇ ਤਾਂ ਹੈਂਡ ਗਰਿੱਪ ਨਹੀਂ ਬਣੇਗਾ ਤੇ ਗਿਲਾਸ ਟੁੱਟਦੇ ਰਹਿਣਗੇ ਤੇ ਝਿੜਕਾਂ ਪੈਂਦੀਆਂ ਰਹਿਣਗੀਆਂ ਚਾਹੇ ਸੱਸ, ਨੂੰਹ ਜਾਂ ਕਿਸੇ ਹੋਰ ਵੱਲੋਂ ।

ਇਸ ਦਾ ਇੱਕੋ ਹਲ ਹੈ। ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ ਦੀ ਕਮੀ ਨਾ ਆਉਣ ਦੇਣਾ ।

ਸੋਡੀਅਮ ਹਿਮਾਲੀਅਨ ਪਿੰਕ ਸਾਲਟ, ਸੇਂਧਾ ਨਮਕ, ਕਾਲਾ ਲੂਣ ਆਦਿ ਰਾਹੀਂ ਬੇਝਿਜਕ ਹੋ ਕੇ ਪੂਰਾ ਕਰੋ।

ਮੈਗਨੀਸ਼ੀਅਮ ਕਾਲੀਆਂ ਹਰੀਆਂ ਸਬਜ਼ੀਆਂ ਵਿੱਚੋਂ ਮਿਲਦਾ ਹੈ ।

ਪੋਟਾਸ਼ੀਅਮ ਕੇਲਾ, ਸ਼ਕਰਕੰਦੀ, ਆਲੂ, ਐਵਾਕੈਡੋ ਵਿੱਚ ਹੁੰਦਾ ਹੈ । ਪਰ ਆਮ ਤੌਰ ਤੇ ਫੂਡ ਰਾਹੀਂ ਇਹ ਪੂਰੇ ਕਰਨੇ ਮੁਸ਼ਕਿਲ ਹਨ ।

ਮੈਗਨੀਸ਼ੀਅਮ ਸਿਟਰੇਟ, ਗਲਾਈਸੀਨੇਟ, ਐਸਪਾਰਟੇਟ ਸਪਲੀਮੈਂਟ ਲੈ ਸਕਦੇ ਹੋ (300 ਐਮ ਜੀ /ਪ੍ਰਤੀ ਦਿਨ)

ਪੋਟਾਸ਼ੀਅਮ ਸਿਟਰੇਟ 100 ਐਮ ਜੀ ਵੀ ਲੈ ਸਕਦੇ ਹੋ ।

ਜਿਆਦਾ ਜਾਣਕਾਰੀ ਲਈ ਮੈਨੂੰ ਫੋਨ ਵੀ ਕਰ ਸਕਦੇ ਹੋ ।

ਜੇਕਰ ਉਪਰੋਕਤ ਨੁਸਖੇ ਅਪਣਾਉਗੇ ਤਾਂ ਭਾਂਡੇ ਖੜਕਣ ਦੀ ਕੋਈ ਜਿੰਮੇਵਾਰੀ ਨਹੀਂ ਪਰ ਟੁੱਟਣਗੇ ਨਹੀਂ। ਗਰੰਟੀ ਹੈ।

# ਮਹਿਕਮੇ ਦੀ ਹੀ ਸਾਥਣ ਔਰਤ ਨਾਲ ਜਿਸਮਾਨੀ ਛੇੜਛਾੜ ਕਰਨ ਵਾਲੇ ਪੁਲਸੀਏ ਜਗਰਾਜ ਬਰਾੜ ਨੂੰ ਅਦਾਲਤ ਨੇ ਦੋਸ਼ੀ ਠਹਿਰਾਇਆ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਵਿੱਚ ਵੈਨਕੂਵਰ ਪੁਲਿਸ ਡਿਪਾਰਟਮੈਂਟ ਦੇ ਇੱਕ ਅਧਿਕਾਰੀ ਨੂੰ ਆਪਣੀ ਹੀ ਇੱਕ ਸਾਥਣ ਪੁਲਿਸ ਅਧਿਕਾਰੀ ਉਪਰ ਸੈਕਸੂਅਲ ਅਸੌਲਟ ਕਰਨ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ। ਵੈਨਕੂਵਰ ਕੋਰਟ ਰੂਮ ਵਿੱਚ ਜਗਰਾਜ ਰੌਜਰ ਬਰਾੜ ਨੂੰ ਦੋਸ਼ੀ ਐਲਾਨਿਆ ਗਿਆ। 51 ਸਾਲਾ ਜਗਰਾਜ ਬਰਾੜ, ਸਰੀ ਦਾ ਰਹਿਣ ਵਾਲਾ ਹੈ ਤੇ ਵਿਸਲਰ ਵਿੱਚ ਸਾਲ 2019 ਵਿੱਚ ਉਸ ਨੇ ਇੱਕ ਹੋਟਲ ਰੂਮ ਵਿੱਚ ਇਹ ਵਾਰਦਾਤ ਅੰਜਾਮ ਦਿੱਤੀ ਸੀ। ਉਥੇ ਉਹ ਆਪਣੇ ਹੋਰ ਸਾਥੀਆਂ ਸਮੇਤ ਇੱਕ ਗੌਲਫ਼ ਟੂਰਨਾਮੈਂਟ ਵਿੱਚ ਹਿੱਸਾ ਲੈਣ ਗਏ ਸਨ। ਉਸ ਔਰਤ ਅਫਸਰ ਨੂੰ ਨਸ਼ਾ ਦੇ ਕੇ ਬੇ-ਸੁਧ ਕਰ ਦਿੱਤਾ ਗਿਆ ਤੇ ਜਗਰਾਜ ਬਰਾੜ ਨੇ ਰਾਤ ਨੂੰ ਉਸ ਦੀ ਸਹਿਮਤੀ ਬਿਨਾ ਉਸ ਨਾਲ ਸਰੀਰਕ ਸੰਬੰਧ ਬਣਾ ਲਏ। ਉਸ ਨੇ ਅਦਾਲਤ ਵਿੱਚ ਦੱਸਿਆ ਕਿ ਉਸ ਨੇ ਬਰਾੜ ਨੂੰ ਮਨ੍ਹਾ ਵੀ ਕੀਤਾ ਪਰ ਉਹ ਨਾ ਮੰਨਿਆ ਤੇ ਮਗਰੋਂ ਇਸ ਔਰਤ ਅਫਸਰ ਨੇ ਸ਼ਿਕਾਇਤ ਕਰ ਦਿੱਤੀ। ਹੁਣ ਅਦਾਲਤ ਨੇ ਜਗਰਾਜ ਬਰਾੜ ਨੂੰ ਦੋਸ਼ੀ ਐਲਾਨ ਦਿੱਤਾ ਹੈ।

# 23 ਸਾਲਾ ਅੰਤਰਰਾਸ਼ਟਰੀ ਵਿਦਿਆਰਥੀ ਇੰਦਰਜੀਤ ਸਿੰਘ ਸੋਹੀ ਅਤੇ 47 ਸਾਲਾ ਰਜਿੰਦਰ ਸਿੰਘ ਸਿੱਧੂ ਦੀ ਟਰੱਕ ਹਾਦਸੇ ਵਿਚ ਦਰਦਨਾਕ ਮੌਤ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਹਫ਼ਤੇ ਉਨਟੇਰੀਉ ਸੂਬੇ ਵਿੱਚ ਇੱਕ ਹਾਦਸੇ ਵਿੱਚ ਟਰੱਕ ਨੂੰ ਅੱਗ ਲੱਗਣ ਨਾਲ਼ ਧੂਰੀ ਦੇ 23 ਸਾਲਾ ਇੰਟਰਨੈਸ਼ਨਲ ਸਟੂਡੈਂਟ ਇੰਦਰਜੀਤ ਸਿੰਘ ਸੋਹੀ ਅਤੇ ਮੋਹਾਲ਼ੀ ਨੇੜੇ ਪਿੰਡ ਚਟਾਮਲਾ ਦੇ 47 ਸਾਲਾ ਰਜਿੰਦਰ ਸਿੰਘ ਸਿੱਧੂ ਦੀ ਅੱਗ ਵਿੱਚ ਝੁਲ਼ਸ ਜਾਣ ਨਾਲ਼ ਹੋਈ ਦਰਦਨਾਕ ਮੌਤ ਦੀ ਖ਼ਬਰ ਸਾਹਮਣੇ ਆਈ ਹੈ। ਇਹ ਵਿਦਿਆਰਥੀ ਤਿੰਨ ਸਾਲ ਪਹਿਲਾਂ ਪੰਜਾਬ ਤੋਂ ਕਨੇਡਾ ਵਿੱਚ ਆਇਆ ਸੀ ਤੇ ਅਜੇ ਪਿਛਲੇ ਮਹੀਨੇ ਹੀ ਹਾਈਵੇ ਟਰੱਕ ਚਲਾਉਣ ਲੱਗਾ ਸੀ ਕਿ ਇਹ ਹਾਦਸਾ ਵਾਪਰ ਗਿਆ। ਹਾਦਸੇ ਦੇ ਕਾਰਨਾਂ ਦੀ ਪੂਰੀ ਜਾਣਕਾਰੀ ਸਾਹਮਣੇ ਨਹੀਂ ਆਈ। ਮ੍ਰਿਤਕ 47 ਸਾਲਾ ਰਜ਼ਿੰਦਰ ਸਿੰਘ ਸਿੱਧੂ ਦੀ ਬੇਟੀ ਰਾਜਦੀਪ ਕੌਰ ਸਿੱਧੂ ਨੇ ਦੱਸਿਆ ਕਿ ਦੋਨੋ ਡਰਾਈਵਰ ਬੀ ਬੀ ਐਨ ਟਰਾਂਸਪੋਰਟ ਕੰਪਨੀ ਨਾਲ਼ ਕੰਮ ਕਰਦੇ ਸਨ । ਇਸ ਕੰਪਨੀ ਦੇ ਦਫਤਰ ਟਰਾਂਟੋ ਅਤੇ ਕੈਲਗਰੀ ਵਿੱਚ ਦੱਸੇ ਜਾਂਦੇ ਹਨ। ਇਸ ਹਾਦਸੇ ਦਾ ਦੁਖਦਾਈ ਪੱਖ ਇਹ ਹੈ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਹਾਦਸੇ ਦੀ ਸੂਚਨਾ ਤਿੰਨ ਬਾਅਦ ਮਿਲੀ । ਟਰੱਕ ਦਾ ਹਾਦਸਾ ਥੰਡਰ ਬੇ ਕੋਲ਼ 3 ਅਕਤੂਬਰ ਨੂੰ ਹੋਇਆ ਸੀ।

# ਉਹਨਾਂ ਇਹ ਦੱਸਣ ਤੋਂ ਨਾਂਹ ਕੀਤੀ ਕਿ ਉਹਨਾਂ ਦੇ ਵੈਕਸੀਨ ਲੱਗੀ ਹੈ ਜਾਂ ਨਹੀਂ, ਤਾਂ ਯੂਨੀਵਰਸਿਟੀ ਨੇ ਦਾਖਲੇ ਤੋਂ ਨਾਂਹ ਕਰ ਦਿੱਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਾਊਂਟ ਰੌਇਲ ਯੂਨਿਵਰਸਿਟੀ ਦੇ 11 ਵਿਦਿਆਰਥੀਆਂ ਨੂੰ ਯੂਨਿਵਰਸਿਟੀ ਪ੍ਰਸ਼ਾਸਨ ਨੇ ਡੀ-ਰੈਜਿਸਟਰ ਕਰ ਦਿੱਤਾ ਹੈ ਕਿਉਂਕਿ ਉਹਨਾਂ ਨੇ ਇਹ ਖੁਲਾਸਾ ਕਰਨ ਤੋਂ ਨਾਂਹ ਕਰ ਦਿੱਤੀ ਹੈ ਕਿ ਉਹਨਾਂ ਨੇ ਕੋਵਿਡ-19 ਵੈਕਸਿਨ ਹਾਸਲ ਕੀਤੀ ਹੈ ਜਾਂ ਨਹੀਂ। ਯੂਨਿਵਰਸਿਟੀ ਦਾ ਫੈਸਲਾ ਹੈ ਕਿ ਵਿਦਿਆਰਥੀ, ਸਟਾਫ਼ ਅਤੇ ਹਰ ਇੱਕ ਵਿਜ਼ਿਟਰ ਨੂੰ ਕੈਂਪਸ ਵਿੱਚ ਆਉਣ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਉਹਨਾਂ ਨੇ ਵੈਕਸਿਨ ਹਾਸਲ ਕੀਤੀ ਹੈ ਜਾਂ ਨਹੀਂ। ਸ਼ੁਰੂ ਵਿਚ 22 ਵਿਦਿਆਰਥੀਆਂ ਨੇ ਕਲਾਸ ਰੂਮ ਵਿੱਚ ਪੜ੍ਹਾਈ ਵਾਸਤੇ ਆਉਣ ਤੋਂ ਪਹਿਲਾਂ ਵੈਕਸਿਨ ਦੀ ਜਾਣਕਾਰੀ ਦੇਣ ਤੋਂ ਨਾਂਹ ਕੀਤੀ ਸੀ ਤੇ ਜਦੋਂ ਯੁਨਿਵਰਸਿਟੀ ਵੱਲੋਂ ਡੀ-ਰੈਜਿਸਟਰ ਕਰਨ ਦੀ ਗੱਲ ਕਹੀ ਗਈ ਤਾਂ 11 ਨੇ ਵੈਕਸਿਨ ਦਾ ਸਬੂਤ ਦਿਖਾ ਦਿੱਤਾ ਪਰ ਬਾਕੀ 11 ਨੂੰ ਡੀ-ਰੈਜਿਸਟਰ ਕਰ ਦਿੱਤਾ ਗਿਆ ਹੈ। ਯੂਨਿਵਰਸਿਟੀ ਦਾ ਕਹਿਣਾ ਹੈ ਕਿ ਔਨਲਾਇਨ ਪੜ੍ਹਾਈ ਕਰਨ ਵਾਲੇ ਵੈਕਸਿਨ ਤੋਂ ਛੋਟ ਲੈ ਸਕਦੇ ਹਨ ਪਰ ਕੈਂਪਸ ਵਿੱਚ ਆਉਣ ਵਾਲੇ ਹਰੇਕ ਵਿਅਕਤੀ ਵਾਸਤੇ ਵੈਕਸਿਨ ਲਾਜ਼ਿਮ ਕੀਤੀ ਗਈ ਹੈ।

# ਤੇਲ ਪਾਇਪ-ਲਾਇਨ ਨੂੰ ਬੰਦ ਕਰਨ ਸਬੰਧੀ ਕੈਨੇਡਾ ਸਰਕਾਰ ਨੇ 1977 ਦੀ ਪਾਇਪ-ਲਾਇਨ ਸੰਧੀ ਦਾ ਹਵਾਲਾ ਦਿੱਤਾ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਅਮੈਰਿਕਾ ਦੇ ਮਿਸ਼ਿਗਨ ਸੂਬੇ ਦੀ ਗਵਰਨਰ ਵੱਲੋਂ ਐਨਬਰਿਜ ਕੰਪਨੀ ਦੀ ਤੇਲ ਪਾਇਪ-ਲਾਇਨ ਨੂੰ ਬੰਦ ਕਰਨ ਦੇ ਹੁਕਮ ਦੀ ਪ੍ਰਤੀਕਿਰਿਆ ਵੱਜੋਂ ਕੈਨੇਡਾ ਸਰਕਾਰ ਨੇ 1977 ਦੀ ਪਾਇਪ-ਲਾਇਨ ਸੰਧੀ ਦਾ ਹਵਾਲਾ ਦਿੰਦਿਆਂ ਮਾਮਲਾ ਹੱਲ ਕਰਨ ਦੀ ਦਿਸ਼ਾ ਵਿੱਚ ਕਦਮ ਪੁੱਟਿਆ ਹੈ। ਓਂਟੈਰੀ? ਦੇ ਸਾਰਨੀਆ ਤੋਂ ਮਿਸ਼ਿਗਨ ਵਿਚੋਂ ਹੁੰਦੀ ਹੋਈ ਇਹ ਪਾਇਪ-ਲਾਇਨ ਲੇਕ ਮਿਸ਼ਿਗਨ ਦੇ ਹੇਠੋਂ ਗੁਜ਼ਰਦਿਆਂ ਵਿਸਕੌਂਸਿਨ ਦੇ ਸੁਪੀਰੀਅਰ ਤੱਕ ਜਾਂਦੀ ਹੈ। ਇਸ ਰਾਹੀਂ ਹਰ ਰੋਜ਼ 5 ਲੱਖ 40 ਹਜ਼ਾਰ ਬੈਰਲ ਕੱਚਾ ਤੇਲ ਅਤੇ ਹੋਰ ਪੈਟਰੋ ਪਦਾਰਥ ਅਮੈਰਿਕਾ ਭੇਜੇ ਜਾਂਦੇ ਹਨ। ਪਿਛਲੇ ਸਾਲ ਮਿਸ਼ਿਗਨ ਗਵਰਨਰ ਗ੍ਰੈਚਨ ਵਿਟਮਰ ਨੇ ਪਾਇਪ-ਲਾਇਨ ਲੀਕੇਜ ਦੇ ਡਰ ਦਾ ਜ਼ਿਕਰ ਕਰਦਿਆਂ 1953 ਤੋਂ ਚੱਲ ਰਹੀ ਪਾਇਪ-ਲਾਇਨ ਨੂੰ ਬੰਦ ਕਰਨ ਦਾ ਹੁਕਮ ਚਾੜ੍ਹ ਦਿੱਤਾ ਸੀ। ਮਾਮਲਾ ਅਦਾਲਤ ਵਿੱਚ ਚੱਲਿਆ ਗਿਆ ਸੀ ਤੇ ਹੁਣ ਕੈਨੇਡਾ ਨੇ 1977 ਦੀ ਸੰਧੀ ਦਾ ਹਵਾਲਾ ਦਿੰਦਿਆਂ ਇਸ ਮਾਮਲੇ ਨੂੰ ਉਸ ਸੰਧੀ ਤਹਿਤ ਹੱਲ ਕਰਨ ਦਾ ਮਾਮਲਾ ਚੁੱਕ ਲਿਆ ਹੈ। ਇਸ ਮਗਰੋਂ ਕੋਰਟ ਦਾ ਫੈਸਲਾ ਹੁਣ ਜਲਦੀ ਨਹੀਂ ਆ ਸਕੇਗਾ ਤੇ ਦੋਵੇਂ ਦੇਸ਼ ਟੇਬਲ 'ਤੇ ਆ ਕੇ ਇਸ ਮਸਲੇ ਦਾ ਹੱਲ ਲੱਭਣਗੇ।

# ਹੁਣ ਡੌਕਿਉਮੈਂਟਰੀ ਫਿਲਮਾਂ ਪੁਲਾੜ ਵਿੱਚ ਬਣਨਗੀਆਂ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਨੇ ਇੱਕ ਫਿਲਮ ਡਾਇਰੈਕਟਰ ਅਤੇ ਇੱਕ ਡਾਇਰੈਕਟਰ ਨੂੰ ਪੁਲਾੜ ਵਿੱਚ ਭੇਜ ਕੇ ਡੌਕਿਉਮੈਂਟਰੀ ਫਿਲਮ ਬਣਾਉਣ ਦਾ ਐਲਾਨ ਕੀਤਾ ਹੈ। 3 ਮੈਂਬਰੀ ਇੱਕ ਗਰੁਪ ਪੁਲਾੜ ਵਿੱਚ ਰਵਾਨਾ ਕੀਤਾ ਜਾ ਰਿਹਾ ਹੈ ਤੇ ਨਾਸਾ ਵੱਲੋਂ ਅਜਿਹੀ ਇੱਕ ਤਜਵੀਜ਼ ਪੇਸ਼ ਕੀਤੀ ਗਈ ਸੀ ਜਿਸ ਨੂੰ ਪਛਾੜਦਿਆਂ ਰੂਸ ਨੇ ਇਸ ਕੰਮ ਵਿੱਚ ਬਾਜ਼ੀ ਮਾਰ ਲਈ ਹੈ।

TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP SIGN
SPEEDING TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com
www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
Products of Services:
- Insulation
- Drywall
- Taping
- Texturing
- Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



Ambleton
A Qualico Community
ਛੋਟੀਆਂ ਚੀਜਾਂ ਦਾ ਆਨੰਦ ਮਾਣੋ.
ਕੈਲਗਰੀ ਦਾ ਨਵਾਂ ਉੱਤਰੀ ਏਰੀਆ
1200 ਤੋਂ ਵੱਧ ਘਰ
8 ਫੇਸ
7.3Km ਲੰਮਾ ਪਥਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਫੇਸ 2 ਦੀ ਡਿਵੈਲਪਮੈਂਟ ਅੱਪਡੇਟ ਲਈ ਸਾਈਨ ਅੱਪ ਕਰੋ
ਲੇਨਡ ਹੋਮ $400s ਤੋਂ ਸ਼ੁਰੂ ਹਨ
ਫਰੰਟ ਗੈਰਾਜ $500s ਤੋਂ ਸ਼ੁਰੂ ਹਨ
ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ
ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : liveinambleton.com
ਐਵਾਰਡ ਜੇਤੂ ਬਿਲਡਰ: · Shane Homes · Sterling Homes · Trico Homes · Broadview Homes · Jayman Built
24 St NW
144 Ave NE
14 St NW
Evanston Dr NW
Symons Valley Pkwy NW
Stoney Trail NW
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities




DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
• ਤਲਾਅ /ਹਰਿਆ ਭਰਿਆ ਆਲਾ ਦੁਆਲਾ
• ਫਰੰਟ ਗੈਰਾਜ ਲਾਟਾਂ
• ਵਾਕ ਆਊਟ ਲਾਟਾਂ
• ਡੁਪਲੈਕਸ ਲਾਟਾਂ
• ਲੇਨਡ ਲਾਟਾਂ
TOWNHOMES FROM THE LOW $300s
DUPLEX HOMES FROM THE MID $300s
LANED HOMES FROM THE HIGH $300s
FRONT GARAGE HOMES FROM THE LOW $500s
360° ਵਰਚੁਅਲ ਟੂਰ ਵੀ ਮਿਲਦਾ ਹੈ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸ਼ਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
SHOWHOME APPOINTMENTS AVAILABLE AND RECOMMENDED. Broadview Homes | NuVista Homes | Trico Homes | Sterling Homes | Truman Homes | Morrison Homes
ਕਮਿਊਨਟੀ ਅੰਦਰ ਭਵਿੱਖ ਵਿੱਚ ਸਿਵਿਕ ਸੈਂਟਰ ਅਤੇ ਫੀਲਡ ਹਾਊਸ ਸਾਈਟ
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities

CORNERSTONE

# TOP 5 REASONS TO LIVE IN CORNERSTONE




LEARN MORE AT **LIVEATCORNERSTONE.CA**

Apartment Condos | Townhomes | Duplex | Laned | Front Drive

Anthem United

anthemunited.com


ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
REDSTONE
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
redstonecommunity.ca
DEERFOOT TRAIL
STONEY TRAIL NE
201
COUNTRY HILLS BLVD NE
2
METIS TRAIL NE
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


SOUTH POINTE TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE NEW CAR SALES MANAGER
ZAK BHANJI NEW CAR SALES MANAGER
PREZ TIWANA NEW CAR PRODUCT ADVISOR
MINAZ RATANSHI NEW CAR PRODUCT ADVISOR
AFSHEEN HARJEE NEW CAR PRODUCT ADVISOR
MUHAMMAD YOUSAF NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


NEW SHOWHOMES
NOW OPEN
NOW EVEN MORE IN
WALKER SUMMIT
More lots to choose from
LANED | FRONT GARAGE | TOWNHOMES
LIFE dentistry
Walker SUMMIT
walkersummit.com
LANDMARK HOMES
MONTORIO HOMES
MORRISON HOMES
Pacesetter HOMES
ELLERSLIE RD SW
WATT BLVD SW
50 ST SW
60 ST SW
WATT PROMENADE SW
WATT DR SW
WONNACOTT WAY
23 AVE SW
Anthem United
anthemunited.com

# ਆਪਣੇ ਕੌਂਸਲਰ ਦੇ ਰੂਪ ਵਿੱਚ ਮੈਨੂੰ ਵੇਖਣ ਲਈ ਵਾਰਡ 5 ਦਾ ਸੁਪਨਾ 18 ਅਕਤੂਬਰ ਨੂੰ ਪੂਰਾ ਹੋਵੇਗਾ -ਸਟੈਨ ਸੰਧੂ









ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀਆਂ ਸਿਟੀ ਇਲੈਕਸ਼ਨ ਆਉਣ ਵਾਲੀ 18 ਅਕਤੂਬਰ ਦਿਨ ਸੋਮਵਾਰ ਨੂੰ ਹੋ ਰਹੀਆਂ ਹਨ। ਚੋਣਾਂ ਦੇ ਨਤੀਜੇ 18 ਅਕਤੂਬਰ ਦੀ ਸਾਮ ਨੂੰ ਹੀ ਆ ਜਾਣਗੇ। ਸਾਰੇ ਉਮੀਂਦਵਾਰਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ। ਹਰ ਕੋਈ ਆਪਣੇ ਆਪ ਨੂੰ ਜੇਤੂ ਉਮੀਂਦਵਾਰ ਵੱਜੋਂ ਦੇਖ ਰਿਹਾ ਹੈ। ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਨਾਰਥ ਈਸਟ ਏਰੀਆ ਵਿੱਚ ਵਾਰਡ 5 ਵਿੱਚ ਦੋ ਪੰਜਾਬੀ ਉਮੀਂਦਵਾਰ ਅਤੇ ਤੀਸਰਾ ਪਾਕਸਤਾਨੀ ਮੂਲ ਦਾ ਹੈ। ਵਾਰਡ 5 ਦੇ ਪਹਿਲਾਂ ਕੌਂਸਲਰ ਰਹੇ ਜੌਰਜ ਚਾਹਲ ਦੇ ਸਟਾਫ ਵਿੱਚ ਪਹਿਲਾਂ ਤੋਂ ਹੀ ਕੰਮ ਕਰ ਰਹੇ ਸਟੈਨ ਸੰਧੂ ਨੇ ਵੀ ਆਪਣੇ ਆਪ ਕੌਂਸਲਰ ਦੇ ਉਮੀਂਦਵਾਰ ਵੱਜੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ। ਉਹ ਆਪਣੇ ਚੋਣ ਮੈਨੀਫੈਸਟੋ ਵਿੱਚ ਜਿੱਥੇ ਇਸ ਏਰੀਆਂ ਲਈ ਨਵੇਂ ਪ੍ਰੋਜੈਕਟ ਅਤੇ ਤਰੱਕੀਆਂ ਦੀ ਗੱਲ ਕਰਦੇ ਹਨ, ਉੱਥੇ ਉਹ ਨਾਲ ਹੀ ਆਪਣੇ ਪਹਿਲਾਂ ਹੀ ਸਿਟੀ ਹਾਲ ਵਿੱਚ ਕੰਮ ਕਰਨ ਦੇ ਤਜ਼ਰਬੇ ਨੂੰ ਵੀ ਆਪਣੀ ਯੋਗਤਾ ਵਿੱਚ ਸ਼ਾਮਿਲ ਕਰ ਰਹੇ ਹਨ। ਉਹਨਾਂ ਦਾ ਦਾਅਵਾ ਹੈ ਕਿ ਉਹ ਵਾਰਡ 5 ਤੋਂ ਅਗਲੀ ਟਰਮ ਲਈ ਕੌਂਸਲਰ ਹੋਣਗੇ। ਸਟੈਨ ਸੰਧੂ ਦਾ ਕਹਿਣਾ ਹੈ ਕਿ ਉਹਨਾਂ ਦੀ ਡੋਰ ਨੌਕਿੰਗ ਮੁਹਿੰਮ ਜੰਗੀ ਪੱਧਰ ਉੱਪਰ ਚੱਲ ਰਹੀ ਹੈ। ਵੱਖੋ ਵੱਖ ਭਾਈਚਾਰਿਆਂ ਦੀਆਂ ਸੰਸਥਾਵਾਂ ਅਤੇ ਉਹਨਾਂ ਦੇ ਨੁਮਾਇੰਦਿਆਂ ਵੱਲੋਂ ਉਹਨਾਂ ਨੂੰ ਵੋਟ ਦਾ ਭਰੋਸਾ ਮਿਲ ਚੁੱਕਾ ਹੈ। ਸੰਧੂ ਅਨੁਸਾਰ ਜਦੋਂ ਉਹ ਡੋਰ ਨੌਕਿੰਗ ਲਈ ਜਾਂਦੇ ਹਨ ਤਾਂ ਵਾਰਡ 5 ਦੇ ਵੋਟਰ ਉਹਨਾਂ ਨੂੰ ਪਹਿਲਾਂ ਤੋਂ ਹੀ ਜਾਣਦੇ ਹੋਣ ਕਾਰਣ ਅਗਲੇ ਕੌਂਸਲਰ ਦੇ ਰੂਪ ਵਿੱਚ ਦੇਖਣਾ ਚਾਹੁੰਦੇ ਹਨ। ਸੋ ਵਾਰਡ 5 ਦੇ ਵੋਟਰਾਂ ਦਾ ਇਹ ਸੁਪਨਾ 18 ਅਕਤੂਬਰ ਦੀ ਸਾਮ ਨੂੰ ਪੂਰਾ ਹੋਵੇਗਾ।



















Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ
ਦੀ ਘਾਟ ਮਹਿਸੂਸ ਹੀ
ਨਹੀਂ ਹੋਣ ਦਿੰਦੇ ।
FRESH PRODUCE
GROCERY STORE
ਕਰੋਨਾ ਕਾਰਣ ਤੁਹਾਡੀ ਸੋਸ਼ਲ
ਡਿਸਟੈਂਸ ਦੇ ਪੁਖਤਾ ਪਰਬੰਧ ਹਨ।
Mega
Sanjha Punjab
ਸਾਂਝਾ ਪੰਜਾਬ ਗਰੌਸਰੀ ਸਟੋਰ
ਦੀ ਤੀਜੀ ਲੋਕੇਸ਼ਨ ਹੁਣ
ਕੋ-ਔਪ ਸਟੋਰ ਵਾਲੀ ਬਿਲਡਿੰਗ
ਵਿੱਚ ਖੁੱਲ ਗਈ ਹੈ
Sanjha Punjab
403-266-5200
THREE LOCATIONS TO SERVE YOU
3690 Westwinds Dr NE,
Calgary, AB T3J 5H3
7171 80 Ave NE #117,
Calgary, AB T3J 0P6
570-6520 Falconridge
BLVD NE Calgary


ਕਨੇਡਾ ਭਰ ਅੰਦਰ 10 ਲੋਕੇਸ਼ਨਾਂ ਦੀ ਕਾਮਯਾਬੀ ਤੋਂ ਬਾਦ ਹੁਣ 11ਵੀਂ ਲੋਕੇਸ਼ਨ
ਏਸ਼ੀਅਨ ਫੂਡ
ਸੈਂਟਰ ਸਵਾਨਾ ਬਾਜ਼ਾਰ ਕੈਲਗਰੀ
ਵਿੱਚ ਖੁੱਲ ਗਿਆ ਹੈ।
ASIAN FOOD
CENTRE
ਤਾਜ਼ੀਆਂ ਸਬਜ਼ੀਆਂ, ਫਲ ਫਰੂਟ, ਡਰਾਈ ਫਰੂਟ, ਗਰੌਸਰੀ ਅਤੇ ਘਰ ਵਿੱਚ
ਵਰਤਿਆ ਜਾਣ ਵਾਲਾ ਸਮਾਨ ਆਦਿ ਇੱਕੋ ਜਗਾਹ ਉੱਪਰ ਮਿਲਦਾ ਹੈ
2110
ਵਧੀਆ ਕੁਆਲਿਟੀ - ਕੀਮਤਾਂ ਤੁਹਾਡੀ ਜੇਬ ਅਨੁਸਾਰ
2110,5850-88 Ave NE Calgary (AB) T3J 0Z7 Tel: 403 568 9911


BHINDER
EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ
ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ
ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ
ਸਾਈਡਿੰਗ ਚੇਂਜ
ਕਰਕੇ ਸਟੱਕੋ
ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ
ਹੀ ਡੀਲ ਕਰਕੇ ਤੁਹਾਡੇ ਘਰ ਨੂੰ
ਪਹਿਲਾਂ ਨਾਲੋਂ ਵੀ ਸੋਹਣਾ ਅਤੇ
ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com